MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 23 SATURDAY, 10 JUNE, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਸੈਂਕੜੇ ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ ਕੀਤੇ ਜਾਣ ਦਾ ਸਾਹਮਣਾ ਕਰਨਾ ਪੈ ਸਕਦਾ

ਓਟਵਾ-ਵੈਨਕੂਵਰ ਇਲਾਕੇ ਦੇ ਇਕ ਐਮਪੀ ਦਾ ਕਹਿਣਾ ਕਿ ਭਾਰਤ ਦੇ ਸੈਂਕੜੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦੇਸ਼ ਵਿਚੋਂ ਸੰਭਾਵਤ ਵਾਪਸ ਭੇਜੇ ਜਾਣ (ਡਿਪੋਰਟੇਸ਼ਨ) ਕੀਤੇ ਜਾਣ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਉਹ ਫੈਡਰਲ ਸਰਕਾਰ ਨੂੰ ਦਖਲਅੰਦਾਜ਼ੀ ਕਰਨ ਲਈ ਕਹਿ ਰਹੀ ਹੈ। ਬਲਬੀਰ ਸਿੰਘ ਨਾਂਅ ਦੇ ਵਿਦਿਆਰਥੀ ਰਹੇ ਵਿਅਕਤੀ ਨੇ ਕਿਹਾ ਕਿ ਉਸ ਨੂੰ ਆਸ ਹੈ ਕਿ ਫੈਡਰਲ ਸਰਕਾਰ ਉਸ ਨੂੰ ਕੈਨੇਡਾ ਵਿਚ ਰਹਿਣ ਦੀ ਇਜਾਜ਼ਤ ਦੇ ਦੇਵੇਗੀ, ਸਰੀ ਦੇ ਇਸ ਵਿਅਕਤੀ ਦਾ ਕਹਿਣਾ ਕਿ ਉਹ ਉਨ੍ਹਾਂ ਵਿਅਕਤੀਆਂ ਵਿਚ ਸ਼ਾਮਿਲ ਹੈ ਜਿਹੜੇ ਭਾਰਤ ਵਿਚ ਇਮੀਗ੍ਰੇਸ਼ਨ ਏਜੰਟ ਵਲੋਂ ਕਥਿਤ ਤੌਰ 'ਤੇ ਧੋਖਾਧੜੀ ਕੀਤੇ ਜਾਣ ਪਿੱਛੋਂ ਡਿਪੋਰਟ ਕੀਤੇ ਜਾਣ ਦਾ ਸਾਹਮਣਾ ਕਰ ਰਹੇ ਹਨ ਜਿਸ ਨੇ ਜਾਅਲੀ ਦਾਖਲਾ ਦਸਤਾਵੇਜ਼ ਤਿਆਰ ਕੀਤੇ ਸਨ। ਅਸੀਂ ਇਥੇ ਅੱਧਾ ਦਹਾਕਾ ਬਿਤਾਇਆ ਹੈ ਅਤੇ ਇਹ ਸਾਡੇ ਨਾਲ ਨਿਆਂ ਨਹੀਂ। ਅਸੀਂ ਕੋਈ ਧੋਖਾਧੜੀ ਨਹੀਂ ਕੀਤੀ, ਅਸੀਂ ਕੁਝ ਵੀ ਗਲਤ ਨਹੀਂ ਕੀਤਾ। ਮਾਈਗਰਾਂਟ ਵਰਕਰਜ਼ ਅਲਾਇੰਸ ਫਾਰ ਚੇਂਜ ਦੀ ਇਕ ਪ੍ਰਬੰਧਕ ਦਾ ਕਹਿਣਾ ਕਿ ਸਿੰਘ ਉਨ੍ਹਾਂ ਮੌਜੂਦਾ ਤੇ ਸਾਬਕਾ ਅੰਤਰਰਾਸ਼ਟਰੀ ਵਿਦਿਆਰਥੀ ਵਿਚੋਂ ਇਕ ਹੈ ਜਿਹੜੇ ਘੁਟਾਲੇ ਦਾ ਸ਼ਿਕਾਰ ਹੋਣ ਪਿੱਛੋਂ ਸੰਭਾਵਤ ਡਿਪੋਰਟ ਕੀਤੇ ਜਾਣ ਦਾ ਸਾਹਮਣਾ ਕਰ ਰਹੇ ਹਨ। ਸਰੋਮ ਰੋ ਦਾ ਕਹਿਣਾ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਦੇ ਕਾਰਨਾਂ ਕਰਕੇ ਸਜ਼ਾ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਰਕੋ ਮੈਂਡਸਿਨੋ ਨੂੰ ਉਨ੍ਹਾਂ ਸਾਰਿਆਂ ਦੀ ਡਿਪੋਰਟੇਸ਼ਨ ਰੋਕਣ ਦੀ ਅਪੀਲ ਕਰ ਰਹੇ ਹਾਂ ਅਤੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੂੰ ਪੀਆਰ ਸਥਿਤੀ ਯਕੀਨੀ ਬਣਾਉਣ ਲਈ ਕਹਿ ਰਹੇ ਹਾਂ। ਰੋ ਚਾਹੁੰਦੀ ਹੈ ਕਿ ਫੈਡਰਲ ਸਰਕਾਰ ਉਨ੍ਹਾਂ ਦੀ ਡਿਪੋਰਟੇਸ਼ਨ ਰੋਕ ਕੇ ਉਨ੍ਹਾਂ ਨੂੰ ਪੀਆਰ ਦੇਵੇ। ਹਰ ਰੋਜ਼ ਦੀ ਦੇਰੀ ਦਾ ਮਤਲਬ ਜ਼ਿਆਦਾ ਦਬਾਅ, ਜ਼ਿਆਦਾ ਸੰਕਟ, ਜ਼ਿਆਦਾ ਸੋਸ਼ਣ ਅਤੇ ਜ਼ਿਆਦਾ ਦੁਰਵਿਵਹਾਰ ਹੈ। ਉਧਰ ਕੈਨੇਡਾ ਬਾਰਡਰ ਸਰਵਸਿਜ਼ ਏਜੰਸੀ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਕਈ ਮਾਮਲਿਆਂ ਦੀ ਜਾਂਚ ਕਰ ਰਹੇ ਹਨ ਅਤੇ ਜਿਹੜੇ ਵਿਅਕਤੀ ਕੈਨੇਡਾ ਵਿਚ ਦਾਖਲ ਹੋਣ ਜਾਂ ਕੈਨੇਡਾ ਵਿਚ ਟਿਕੇ ਰਹਿਣ ਲਈ ਆਪਣੇ ਆਪ ਨੂੰ ਗਲਤ ਢੰਗ ਨਾਲ ਪੇਸ਼ ਕਰ ਰਹੇ ਜਾਂ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ



(ਬਾਕੀ ਸਫ਼ਾ 9 'ਤੇ)

## ਟਰੂਡੋ ਵੱਲੋਂ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਨੂੰ ਨਿਆਂ ਦਾ ਭਰੋਸਾ



ਓਟਵਾ-ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਫਰਜ਼ੀ ਦਾਖਲਾ ਪੱਤਰਾਂ ਕਰਕੇ ਕੈਨੇਡਾ ਤੋਂ ਜਲਾਵਤਨੀ ਦਾ ਸਾਹਮਣਾ ਕਰ ਰਹੇ 700 ਭਾਰਤੀ ਵਿਦਿਆਰਥੀਆਂ ਨੂੰ ਯਕੀਨ ਦਿਵਾਇਆ ਹੈ ਕਿ ਉਹ ਹਰੇਕ ਕੇਸ ਦੀ ਸਮੀਖਿਆ ਕਰਨਗੇ ਅਤੇ 'ਧੋਖਾਧੜੀ ਦੇ ਪੀੜਤਾਂ' ਨੂੰ ਆਪਣੇ ਕੇਸ ਦੀ ਪੈਰਵੀ ਕਰਨ ਲਈ ਸਬੂਤ ਰੱਖਣ ਤੇ ਆਪਣੇ ਹਾਲਾਤ ਬਿਆਨ ਕਰਨ ਦਾ ਪੂਰਾ ਮੌਕਾ ਮਿਲੇਗਾ। ਟਰੂਡੋ ਦੀ ਇਹ ਟਿੱਪਣੀ ਸੈਂਕੜੇ ਭਾਰਤੀ ਵਿਦਿਆਰਥੀਆਂ, ਜਿਨ੍ਹਾਂ ਵਿਚੋਂ ਬਹੁਗਿਣਤੀ ਪੰਜਾਬ ਦੇ ਹਨ, ਲਈ ਅਹਿਮ ਹੈ, ਜੋ ਖੁਦ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਉਧਰ ਕੈਨੇਡਾ ਦੀ ਸੰਸਦੀ ਕਮੇਟੀ ਨੇ ਸਰਬਸੰਮਤੀ ਨਾਲ ਲਏ ਇਕ ਫੈਸਲੇ ਵਿੱਚ ਸਰਹੱਦੀ ਸੇਵਾਵਾਂ ਬਾਰੇ ਏਜੰਸੀ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ 700 ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ ਨਾ ਕਰੇ।

(ਬਾਕੀ ਸਫ਼ਾ 6 'ਤੇ)

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ
ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D. Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL MORTGAGE BROKER
A Better Way
604-368-2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕੌਲ ਕਰੋ
Harpreet Rana
416-871-3571
www.harpreetrana.com

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas and Associates
People involved in a dispute or injury need strong, experienced representation. As a legal team with over 50 years' experience
We're raising the bar.
• Personal Injury
• ICBC Claims
• Family Law
• Immigration
• Employment Law
• Estate Litigation
• Insurance Denials
"Throughout the legal procedure, Simpson, Thomas & Associates have been clear, compassionate and efficient. The firm offers services in different languages which is helpful to my parents who are not familiar with Canadian laws."
– Hannah St
BBB ACCREDITED BUSINESS
We have translators fluent in Hindi, Punjabi, and Gujarati.
Reach out for a legal consultation.
604 229 6448
simpsonthomas.com
701-13761 96th Avenue, Surrey, BC V3V 0E8
Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 11 ISSUE : 23 SATURDAY, 10 JUNE, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

# ਬਰੈਂਪਟਨ ਨਗਰ ਕੀਰਤਨ ਦੌਰਾਨ ਇੰਦਰਾ ਗਾਂਧੀ ਦੀ ਹੱਤਿਆ ਦੀ ਝਾਕੀ 'ਤੇ ਭਾਰਤ ਸਰਕਾਰ ਨੇ ਪ੍ਰਗਟਾਇਆ ਰੋਸ

ਨਵੀਂ ਦਿੱਲੀ-ਕਾਂਗਰਸ ਨੇ ਕੈਨੇਡਾ ਦੇ ਬਰੈਂਪਟਨ 'ਚ ਪਰੇਡ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਨੂੰ ਦਰਸਾਉਂਦੀ ਝਾਕੀ ਕੱਢੇ ਜਾਣ ਦੀ ਆਲੋਚਨਾ ਕਰਦਿਆਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਅਪੀਲ ਕੀਤੀ ਹੈ ਕਿ ਉਹ ਇਹ ਮਸਲਾ ਕੈਨੇਡਾ ਸਰਕਾਰ ਕੋਲ ਮਜ਼ਬੂਤੀ ਨਾਲ ਚੁੱਕਣ। ਇਸ ਤੋਂ ਪਹਿਲਾਂ ਕੈਨੇਡਾ ਦੇ ਭਾਰਤ 'ਚ ਨਿਯੁਕਤ ਹਾਈ ਕਮਿਸ਼ਨਰ ਕੈਮਰੌਨ ਮੈਕੇ ਨੇ ਕਿਹਾ ਕਿ ਉਹ ਆਪਣੇ ਮੁਲਕ (ਕੈਨੇਡਾ) ਵਿੱਚ ਸਾਬਕਾ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੱਤਿਆ ਦੇ ਜਸ਼ਨ ਮਨਾਏ ਜਾਣ ਦੀਆਂ ਰਿਪੋਰਟਾਂ ਤੋਂ ਬਹੁਤ ਪ੍ਰੇਸ਼ਾਨ ਹਨ। ਉਨ੍ਹਾਂ ਟਵੀਟ ਕੀਤਾ, 'ਕੈਨੇਡਾ 'ਚ ਨਫਰਤ ਜਾਂ ਹਿੰਸਾ ਨੂੰ ਉਤਸ਼ਾਹਿਤ ਕਰਨ ਲਈ ਕੋਈ ਥਾਂ ਨਹੀਂ ਹੈ। ਮੈਂ ਅਜਿਹੀਆਂ ਗਤੀਵਿਧੀਆਂ ਦੀ ਆਲੋਚਨਾ ਕਰਦਾ ਹਾਂ।' ਕਾਂਗਰਸ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਮਿਲਿੰਦ ਦਿਓੜਾ ਨੇ ਟਵੀਟ ਕੀਤਾ, 'ਇੱਕ ਭਾਰਤੀ ਵਜੋਂ ਮੈਨੂੰ ਇਹ ਦੇਖ ਕੇ ਦੁਖ ਹੋਇਆ ਕਿ ਕੈਨੇਡਾ ਦੇ ਬਰੈਂਪਟਨ 'ਚ ਪੰਜ ਕਿਲੋਮੀਟਰ ਲੰਮੀ ਪਰੇਡ ਕੱਢੀ ਗਈ ਜਿਸ ਵਿੱਚ ਇੱਕ ਝਾਕੀ 'ਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਨੂੰ ਦਿਖਾਇਆ ਗਿਆ ਹੈ। ਇਹ ਕਿਸੇ ਧਿਰ ਦਾ ਪੱਖ ਲੈਣ ਦੀ ਗੱਲ ਨਹੀਂ ਹੈ ਬਲਕਿ ਦੇਸ਼ ਦੇ ਇਤਿਹਾਸ ਤੇ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ ਨਾਲ ਹੋਏ ਦੁਖ ਤੇ ਸੰਵੇਦਨਾ ਦੀ ਗੱਲ ਹੈ।' ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦਿਓੜਾ ਦੇ ਟਵੀਟ ਨੂੰ ਰੀਟਵੀਟ ਕਰਦਿਆਂ ਕਿਹਾ, 'ਮੈਂ ਪੂਰੀ ਤਰ੍ਹਾਂ ਸਹਿਮਤ ਹਾਂ। ਇਹ ਗਲਤ ਹੈ। ਡਾ. ਜੈਸ਼ੰਕਰ ਨੂੰ ਅਪੀਲ ਕਰਦਾ ਹਾਂ ਕਿ ਕੈਨੇਡਾ ਸਾਹਮਣੇ ਇਸ ਮੁੱਦੇ ਨੂੰ ਮਜ਼ਬੂਤੀ ਨਾਲ ਚੁੱਕਿਆ ਜਾਣਾ ਚਾਹੀਦਾ ਹੈ।' ਸ਼ਸ਼ੀ ਥਰੂਰ ਨੇ ਕਿਹਾ, 'ਮਿਲਿੰਦ ਦਿਓੜਾ, ਤੁਸੀਂ ਪੂਰੀ ਤਰ੍ਹਾਂ ਸਹੀ ਹੋ। ਇਸ ਭੱਦੇ ਕੰਮ ਦੀ ਪਾਰਟੀ ਪੱਧਰ ਤੋਂ ਉੱਪਰ ਉਠ ਕੇ ਆਲੋਚਨਾ ਕਰਨ 'ਚ ਕੋਈ ਰਾਜਨੀਤੀ ਨਹੀਂ ਹੋਣੀ ਚਾਹੀਦੀ।




## ਘਟਨਾ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਲਈ ਠੀਕ ਨਹੀਂ-ਐੱਸ. ਜੈਸ਼ੰਕਰ

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਵੱਖਵਾਦੀਆਂ ਤੇ ਅਤਿਵਾਦੀਆਂ ਨੂੰ ਮਹੱਤਵ ਦੇਣ ਲਈ ਕੈਨੇਡਾ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਕੈਨੇਡਾ ਦਾ ਆਪਣੀ ਧਰਤੀ ਤੋਂ ਭਾਰਤ ਵਿਰੋਧੀ ਤੱਤਾਂ ਨੂੰ ਕੰਮ ਕਰਨ ਦੇਣ ਦੀ ਇਜਾਜ਼ਤ ਦੇਣਾ ਨਾ ਸਿਰਫ਼ ਉਸ ਲਈ ਬਲਕਿ ਦੁਵੱਲੇ ਰਿਸ਼ਤਿਆਂ ਲਈ ਵੀ ਠੀਕ ਨਹੀਂ ਹੈ। ਉਨ੍ਹਾਂ ਕਿਹਾ, 'ਮੈਂ ਸੋਚਦਾ ਹਾਂ ਕਿ ਵੱਡਾ ਮੁੱਦਾ ਇਹ ਹੈ ਕਿ ਕੈਨੇਡਾ 'ਚ ਵੱਖਵਾਦੀਆਂ, ਅਤਿਵਾਦੀਆਂ ਅਤੇ ਹਿੰਸਾ ਦੀ ਵਕਾਲਤ ਕਰਨ ਵਾਲਿਆਂ ਨੂੰ ਅਜਿਹਾ ਕਰਨ ਦਿੱਤਾ ਜਾ ਰਿਹਾ ਹੈ।' ਉਨ੍ਹਾਂ ਕਿਹਾ, 'ਸਪੱਸ਼ਟ ਤੌਰ 'ਤੇ ਅਸੀਂ ਇਹ ਸਮਝ ਨਹੀਂ ਪਾ ਰਹੇ ਕਿ ਵੋਟ ਬੈਂਕ ਦੀ ਰਾਜਨੀਤੀ ਤੋਂ ਇਲਾਵਾ ਅਜਿਹਾ ਕੋਈ ਕਿਉਂ ਕਰੇਗਾ ਕਿਉਂਕਿ ਜੇਕਰ ਤੁਸੀਂ ਇਤਿਹਾਸ ਨੂੰ ਦੇਖੋ ਤਾਂ ਤੁਸੀਂ ਕਲਪਨਾ ਕਰੋਗੇ ਕਿ ਉਹ ਇਤਿਹਾਸ ਤੋਂ ਸਿੱਖਦੇ ਹਨ ਤੇ ਉਹ ਇਤਿਹਾਸ ਦੁਹਰਾਉਣਾ ਨਹੀਂ ਚਾਹੁਣਗੇ।'



GOLDMINE INSURANCE
A MEMBER OF ALL CANADIAN INSURANCE
Home, Business, Auto
Prorate, Cargo, Life, Disability
Critical, Travel Visitor & Medical
ICBC autoplan
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey — Unit 201-8318 120 St.
Abbotsford — Unit 201-3670 Townline Rd.
South Surrey — Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey


HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਆਸਾ ਸਿੰਘ ਜੌਹਲ ਦਾ ਮਰਨ ਉਪਰਾਂਤ ਸਨਮਾਨ

ਸਾਡੇ ਬਜ਼ੁਰਗਾਂ ਨੇ ਤਕਰੀਬਨ 130 ਸਾਲ ਪਹਿਲਾਂ ਕੈਨੇਡਾ ਦੀ ਧਰਤੀ ਉੱਪਰ ਪੈਰ ਰੱਖੇ। ਉਸ ਦਿਨ ਤੋਂ ਹੀ ਉਹਨਾਂ ਨੇ ਆਪਣੀ ਸਖਤ ਮਿਹਨਤ ਨਾਲ ਇਸ ਦੇਸ਼ ਦੀ ਤਰੱਕੀ ਵਿਚ ਅਣਮੁੱਲਾ ਯੋਗਦਾਨ ਪਾਇਆ ਹੈ। ਉਹਨਾਂ ਦੀ ਹਿੰਮਤ ਸਦਕੇ ਹੀ ਅੱਜ ਸਾਡੀ ਕਮਿਊਨਿਟੀ ਦਾ ਨਾਂ ਇਸ ਦੇਸ਼ ਵਿਚ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ। ਇਸ ਥਾਂ ਤੇ ਪਹੁੰਚਣ ਲਈ ਸਾਡੇ ਅਗੂਆਂ ਅਤੇ ਮੋਢੀਆ ਨੇ ਬਹੁਤ ਹੀ ਤਕਲੀਫਾਂ ਝੱਲੀਆਂ। ਇਹਨਾਂ ਦੀਆਂ ਕੁਰਬਾਨੀਆਂ ਦੇ ਸਿੱਟੇ ਵਜੋਂ ਹੀ ਅੱਜ ਸਾਡੀ ਕਮਿਊਨਿਟੀ ਕੈਨੇਡਾ ਵਿਚ ਬਹੁਤ ਹੀ ਪ੍ਰਭਾਵਸ਼ਾਲੀ, ਦਾਨੀ ਅਤੇ ਤਾਕਤਵਰ ਕਮਿਊਨਿਟੀ ਵਜੋਂ ਜਾਣੀ ਜਾਂਦੀ ਹੈ। ਇਹਨਾਂ ਸਤਿਕਾਰਯੋਗ ਵਿਅਕਤੀਆਂ ਵਿਚ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ,ਰਿਚਮੰਡ ਦੇ ਸਾਬਕਾ ਚੇਅਰਮੈਨ ਸੁਰਗਵਾਸੀ ਆਸਾ ਸਿੰਘ ਜੌਹਲ ਭੀ ਇਸ ਮਾਣ ਦੇ ਪਾਤਰ ਹਨ। ਉਹਨਾਂ ਦੀ ਸਾਡੀ ਕਮਿਊਨਿਟੀ, ਬੀ. ਸੀ. ਅਤੇ ਕੈਨੇਡਾ ਨੂੰ ਬਹੁਤ ਵੱਡੀ ਦੇਣ ਹੈ। ਆਸਾ ਸਿੰਘ ਜੌਹਲ 5 ਜੁਲਾਈ 2021 ਨੂੰ ਆਪਣੇ ਪਰਿਵਾਰ ਅਤੇ ਸਮੁੱਚੀ ਕਮਿਊਨਿਟੀ ਨੂੰ ਸਦੀਵੀ ਵਿਛੋੜਾ ਦੇ ਗਏ ਸਨ। 30 ਮਈ ,2023 ਨੂੰ ਕੈਨੇਡਾ ਦੀ ਜਾਣੀ ਪਹਿਚਾਣੀ ਵਪਾਰਕ ਜਥੇਬੰਦੀ ਜੇ ਏ ਬੀ ਸੀ ਨੇ ਕੁਝ ਨਾਮੀ ਕਮਿਊਨਿਟੀ ਦੇ ਲੀਡਰਾਂ ਅਤੇ ਬਿਜਨਸਮੈਨਾਂ ਨੂੰ ਸਨਮਾਨਿਤ ਕੀਤਾ। ਸਾਡੇ ਸਭ ਲਈ ਇਹ ਬਹੁਤ ਹੀ ਮਾਣ ਦੀ ਗੱਲ ਹੈ ਕਿ ਇਹਨਾਂ ਸਮਾਜ ਦੇ ਲੀਡਰਾਂ ਵਿਚ ਸੁਰਗਵਾਸੀ ਆਸਾ ਸਿੰਘ ਜੌਹਲ ਦਾ ਨਾਂ ਵੀ ਸ਼ਾਮਲ ਕੀਤਾ ਗਿਆ। ਇਸ ਮੌਕੇ ਉੱਪਰ ਭੇਜੇ ਸੁਨੇਹੇ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜੌਹਲ ਸਾਹਿਬ ਦੀਆਂ ਪ੍ਰਾਪਤੀਆਂ, ਦਾਨੀ ਸੁਭਾ, ਕਾਮਯਾਬੀ ਅਤੇ ਨਿਮਰਤਾ ਦੀ ਸ਼ਲਾਘਾ ਕੀਤੀ ਅਤੇ ਇਸ ਜਥੇਬੰਦੀ ਨੂੰ ਜੌਹਲ ਸਾਹਿਬ ਵਰਗੇ ਯੋਗ ਵਿਅਕਤੀ ਦੀ ਚੋਣ ਕਰਨ ਲਈ ਵਧਾਈ ਦਿੱਤੀ। ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਨੰਬਰ ਪੰਜ ਰੋਡ ਰਿਚਮੰਡ ਦੀ ਚੜ੍ਹਦੀ ਕਲਾ ਲਈ ਆਸਾ ਸਿੰਘ ਜੌਹਲ ਅਤੇ ਜੌਹਲ ਪਰਿਵਾਰ ਦਾ ਬਹੁਤ ਵੱਡਾ ਯੋਗਦਾਨ ਹੈ। ਜੌਹਲ ਸਾਹਿਬ ਦੇ ਇਸ ਸਨਮਾਨ ਲਈ ਇਸ ਗੁਰਦਵਾਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਸੰਗਤ ਜੌਹਲ ਪਰਿਵਾਰ ਨੂੰ ਉਹਨਾਂ ਦੇ ਇਸ ਸਨਮਾਨ ਲਈ ਹਾਰਦਿਕ ਵਧਾਈ ਦਿੰਦੀ ਹੈ।



Dr. Asa Singh Johal C.M., O.B.C., LL.D.




# ਬੇਸਮੈਂਟਾਂ ਦੇ ਕਿਰਾਏ ਅਸਮਾਨ ਚੜ੍ਹਣ ਕਾਰਨ ਲੋਕਾਂ 'ਚ ਮੱਚੀ ਹਾਹਾਕਾਰ

## ਇਕ ਰੂਮ ਬੇਸਮੈਂਟ 1500 ਅਤੇ ਦੋ ਰੂਮ ਵਾਲੀ ਹੋਈ 2000 ਡਾਲਰ ਨੂੰ

ਵੈਨਕੂਵਰ-ਕੈਨੇਡਾ ਵਿੱਚ ਵਿਆਜ ਦਰਾਂ ਵਧਣ ਕਾਰਨ ਮਹਿਗਾਈ ਨੇ ਵੀ ਖੰਭ ਏਨੇ ਜ਼ਿਆਦਾ ਖਿਲਾਰ ਲਏ ਹਨ ਕਿ ਲੋਕਾਂ ਦਾ ਜੀਵਨ ਤਹਿਸ਼ ਨਹਿਸ਼ ਹੋ ਚੁੱਕਾ ਹੈ। ਹਰ ਖੇਤਰ ਵਿੱਚ ਕੀਮਤਾਂ 'ਚ ਵਾਧਾ ਹੀ ਵਾਧਾ ਹੁੰਦਾ ਜਾ ਰਿਹਾ ਹੀ। ਇੱਕ ਗੋਭੀ ਦਾ ਫੁੱਲ ਜਿਹੜਾ ਕਿ ਡੇਢ ਡਾਲਰ ਦਾ ਹੁੰਦਾ ਸੀ ਅੱਜ 6 ਡਾਲਰ ਦਾ ਹੋ ਚੁੱਕਾ ਹੈ। ਘਰਾਂ ਦੀਆਂ ਕੀਮਤਾਂ ਤਾਂ ਭਾਵੇਂ ਕਾਫ਼ੀ ਹੇਠਾਂ ਡਿੱਗ ਚੁੱਕੀਆਂ ਹਨ ਪਰ ਬੇਸਮੈਂਟਾਂ ਦੇ ਕਿਰਾਇਆਂ 'ਚ ਮਕਾਨ ਮਾਲਕਾਂ ਨੇ ਕਾਫ਼ੀ ਵਾਧਾ ਕਰ ਦਿੱਤਾ ਹੈ। ਅੱਜ ਤੋਂ ਤਿੰਨ ਕੁ ਮਹੀਨੇ ਪਹਿਲਾਂ ਇੱਕ ਰੂਮ ਦੀ ਬੇਸਮੈਂਟ ਦੇ ਕਿਰਾਏ 'ਚ 200 ਡਾਲਰ ਦਾ ਅਤੇ ਦੋ ਰੂਮ ਦੀ ਬੇਸਮੈਂਟ ਦੇ ਕਿਰਾਏ 'ਚ 300 ਤੋਂ 400 ਡਾਲਰ ਦਾ ਵਾਧਾ ਹੋਇਆ ਸੀ। ਜਿਵੇਂ ਜਿਵੇਂ ਵਿਦੇਸ਼ਾਂ ਤੋਂ ਯਾਤਰੀ ਵੀਜ਼ੇ ਅਤੇ ਪੜ੍ਹਾਈ ਵੀਜ਼ੇ 'ਤੇ ਆਉਣ ਵਾਲਿਆਂ ਦੀ ਆਮਦ ਵਿੱਚ ਵਾਧਾ ਹੋਇਆ ਤਿਵੇਂ ਹੀ ਮਕਾਨ ਮਾਲਕਾਂ ਨੇ ਬੇਸਮੈਂਟ ਦੇ ਕਿਰਾਏ 'ਚ ਵੱਡਾ ਵਾਧਾ ਕਰ ਦਿੱਤਾ ਹੈ। ਇੱਕ ਰੂਮ ਦੀ ਬੇਸਮੈਂਟ 15-1600 ਡਾਲਰ ਅਤੇ ਦੋ ਰੂਮ ਦੀ ਬੇਸਮੈਂਟ 'ਚ 2000 ਡਾਲਰ ਤੋਂ ਵੱਧ ਵਾਧਾ ਕਰ ਦਿੱਤਾ ਹੈ ਜਿਸ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਬਹੁਤ ਵੱਡਾ ਬੋਝ ਪੈ ਗਿਆ ਹੈ। ਜਿਹੜੀ ਬੇਸਮੈਂਟ ਕਦੇ ਕਿਰਾਏ 'ਤੇ ਚੜ੍ਹਣ ਦੇ ਯੋਗ ਵੀ ਨਹੀਂ ਸੀ, ਅੱਜ ਉਹ ਵੀ ਅਸਮਾਨ ਨੂੰ ਹੱਥ ਲਾਈ ਖੜ੍ਹੀ ਹੈ। ਇਸ ਤੋਂ ਇਲਾਵਾ ਵਿੱਦਿਆ ਲੈਣ ਆ ਰਹੇ ਵਿਦਿਆਰਥੀਆਂ ਦੀ ਦਿਨ ਬ ਦਿਨ ਵਧ ਰਹੀ ਗਿਣਤੀ ਕਾਰਨ ਕੰਮ ਵੀ ਬਹੁਤ ਘੱਟ ਮਿਲ ਰਹੇ ਹਨ ਜਿਸ ਕਰਕੇ ਵਿਦਿਆਰਥੀਆਂ ਨੂੰ ਆਪਣੀ ਫ਼ੀਸਾਂ ਅਤੇ ਬੇਸਮੈਂਟ ਦਾ ਕਿਰਾਇਆ ਭਰਨ ਲਈ ਆਪਣੇ ਦੇਸ਼ ਤੋਂ ਰਕਮ ਮੰਗਵਾਉਣੀ ਪੈ ਰਹੀ ਹੈ, ਓਧਰ ਭਾਰਤ ਸਰਕਾਰ ਨੇ ਭਾਰਤ ਤੋਂ ਬਾਹਰ ਰਕਮ ਭੇਜਣ 'ਤੇ 20 ਪ੍ਰਤੀਸ਼ਤ ਟੈਕਸ ਲਾਉਣਾ ਸ਼ੁਰੂ ਕਰ ਦਿੱਤਾ ਜਿਸ ਕਰਕੇ ਉੱਥੋਂ ਰਕਮ ਆਉਣ 'ਤੇ ਏਨੇ ਭਾਰੀ ਟੈਕਸ ਨੇ ਓਧਰ ਮਾਪਿਆਂ ਨੂੰ ਕਸ ਦਿੱਤਾ ਹੈ ਅਤੇ ਏਧਰ ਵਿਦਿਆਰਥੀਆਂ ਦੁਚਿੱਤੀ 'ਚ ਫਸੇ ਨਜ਼ਰ ਆ ਰਹੇ ਕਿਉਂਕਿ ਬੇਸਮੈਂਟਾਂ ਦੇ ਵਧੇ ਕਿਰਾਏ ਨੇ ਅਤੇ ਲੋੜ ਅਨੁਸਾਰ ਕੰਮ ਨਾ ਮਿਲਣ ਕਰਕੇ ਵਿਦਿਅਰਥੀਆਂ ਦਾ ਇੱਕ ਤਰਾਂ ਨਾਲ ਲੱਕ ਤੋੜ ਛੱਡਿਆ ਜਿਸ ਕਰਕੇ ਵਿਦਿਆਰਥੀਆਂ ਨੂੰ ਚਿੰਤਾ, ਡਿਪਰੈਸ਼ਨ ਵਰਗੀਆਂ ਅਲਾਮਤਾਂ ਨੇ ਘੇਰ ਰੱਖਿਆ। ਏਥੇ ਹੀ ਵੱਸ ਨਹੀਂ, ਖਾਸ ਕਰਕੇ ਪੰਜਾਬੀ ਵਪਾਰੀ ਲੋਕ ਵੀ ਇਸ ਸਥਿੱਤੀ ਦਾ ਫ਼ਾਇਦਾ ਉਠਾਉਂਦੇ ਹੋਏ ਕਾਮਿਆਂ ਨੂੰ ਮਿਹਨਤਾਨਾ ਵੀ ਘੱਟ ਦੇ ਰਹੇ ਹਨ ਉਹ ਵੀ ਅਜਿਹੇ ਹਾਲਾਤਾਂ ਵਿੱਚ ਇੱਕ ਖ਼ੂਨ ਚੂਸਣ ਵਾਲੀ ਕਿਤਾਬ ਖੋਲ੍ਹੀ ਬੈਠੇ ਹਨ।






# ਜਸਰਾਜ ਹੱਲਣ ਨੇ ਮਹਿੰਗਾਈ ਲਈ ਲਿਬਰਲ ਸਰਕਾਰ ਦੀ ਵਿੱਤ ਮੰਤਰੀ ਨੂੰ ਘੇਰਿਆ

ਓਟਵਾ-ਹਾਊਸ ਆਫ ਕਾਮਨਜ਼ ਵਿਚ ਸਪੀਕਰ ਨੂੰ ਸੰਬੋਧਨ ਕਰਦਿਆਂ ਕੰਸਰਵੇਟਿਵ ਐਮਪੀ ਜਸਰਾਜ ਹੱਲਣ ਨੇ ਕਿਹਾ ਕਿ



ਵਿੱਤ ਮੰਤਰੀ ਨੇ ਸਵੀਕਾਰ ਕੀਤਾ ਕਿ ਵਿੱਤੀ ਘਾਟੇ ਨੇ ਮਹਿੰਗਾਈ ਨੂੰ ਵਧਾਇਆ ਹੈ। ਉਨ੍ਹਾਂ ਕਿਹਾ ਕਿ ਇਹ ਵਿਸ਼ਵਾਸ਼ ਕਰਨਾ ਔਖਾ ਹੈ ਕਿ ਉਹ ਇਸ ਧਾਰਨਾ ਨੂੰ ਸਮਝਦੀ ਹੈ ਕਿਉਂਕਿ ਉਸ ਦੀ ਸਰਕਾਰ ਨੇ ਕਿਸੇ ਵੀ ਹੋਰ ਕੈਨੇਡੀਅਨ ਸਰਕਾਰ ਨਾਲ ਜ਼ਿਆਦਾ ਕਰਜ਼ਾ ਸਿਰ ਚੜ੍ਹਾਇਆ ਹੈ। ਇਸ ਕਾਰਨ ਇਕ ਦਹਾਕੇ ਵਿਚ ਕੈਨੇਡਾ ਵਿਚ ਬੈਂਕ ਵਿਆਜ ਸਭ ਤੋਂ ਜ਼ਿਆਦਾ ਹੋ ਗਿਆ ਹੈ ਅਤੇ ਹੁਣ 63 ਫ਼ੀਸਦੀ ਕੈਨੇਡੀਅਨ ਪੇਅਚੈੱਕ ਇਕੱਲੇ ਮਾਸਿਕ ਮੌਰਟਗੇਜ ਭੁਗਤਾਨਾਂ ਲਈ ਦਿੱਤੇ ਜਾ ਰਹੇ ਹਨ। ਇਹ ਸਭ ਕੁਝ ਜਾਣਦੇ ਹੋਏ ਉਸ ਨੇ 63 ਅਰਬ ਡਾਲਰ ਬਾਲਣ ਦਾ ਜੈਰੀ ਕੈਨ ਮਹਿੰਗਾਈ ਦੀ ਅੱਗ 'ਤੇ ਸੁੱਟ ਦਿੱਤਾ ਹੈ ਜਿਸ ਨਾਲ ਮੌਰਟਗੇਜ ਸੰਕਟ ਪੈਦਾ ਹੋ ਗਿਆ ਹੈ। ਇਹ ਮਹਿੰਗਾਈ ਉਨ੍ਹਾਂ ਦੇ ਨਾਕਾਮ ਬਜਟ ਨਾਲ ਸ਼ੁਰੂ ਹੋਈ ਸੀ। ਉਨ੍ਹਾਂ ਪੁੱਛਿਆ ਕਿ ਕੀ ਉਹ ਸਾਨੂੰ ਦੱਸ ਸਕਦੀ ਹੈ ਕਿ ਆਪਣਾ ਮਹਿੰਗਾਈ ਵਾਲਾ ਖਰਚ ਕਦੋਂ ਬੰਦ ਕਰੇਗੀ ਅਤੇ ਬਜਟ ਨੂੰ ਸੰਤੁਲਤ ਕਰੇਗੀ ਤਾਂ ਜੋ ਵਿਆਜ ਦਰਾਂ ਆਖਰਕਾਰ ਹੇਠਾਂ ਆਉਣ। ਉਨ੍ਹਾਂ ਕਿਹਾ ਕਿ ਸਪੀਕਰ ਸਾਹਿਬ ਪਿਛਲੇ ਦਿਨੀ ਹੋਰ ਅਲਬਰਟਾ ਵਾਸੀਆਂ ਵਾਂਗ ਉਸ ਦੇ ਹਲਕੇ ਦੇ ਲੋਕਾਂ ਨੇ ਵੀ ਲਿਬਰਲ-ਐਨਡੀਪੀ ਸਰਕਾਰ ਨੂੰ ਰੱਦ ਕਰਕੇ ਇਕ ਮਜ਼ਬੂਤ ਕੰਸਰਵੇਟਿਵ ਸਰਕਾਰ ਦੀ ਚੋਣ ਕੀਤੀ ਹੈ।

# ਹਥਿਆਰਬੰਦ ਅਤੇ ਖ਼ਤਰਨਾਕ ਲੋੜੀਂਦਾ ਵਿਅਕਤੀ ਗ੍ਰਿਫ਼ਤਾਰ

ਸਰੀ-ਆਰਸੀਐਮਪੀ ਨੇ ਦੱਸਿਆ ਕਿ ਹਥਿਆਰਬੰਦ ਤੇ ਖਤਰਨਾਕ ਵਿਅਕਤੀ ਕਵਾਬੇਨਾ ਬੋਸੀਆਕੋ ਨੂੰ ਨਿਊ ਵੈਸਟਮਿਨਸਟਰ ਵਿਚ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੂੰ ਸਰੀ ਆਰਸੀਐਮਪੀ ਸੈੱਲਜ਼ ਵਿਚ ਲਿਜਾਇਆ ਗਿਆ ਹੈ ਅਤੇ ਅਦਾਲਤ ਵਿਚ ਪੇਸ਼ ਕੀਤੇ ਜਾਣ ਤਕ ਪੁਲਿਸ ਹਿਰਾਸਤ ਵਿਚ ਰਹੇਗਾ। ਨਿਊਜ਼ ਰਿਲੀਜ਼ ਮੁਤਾਬਿਕ ਬੋਸੀਆਕੋ ਉਸ ਦੀ ਅਦਾਲਤ ਵਲੋਂ ਨਿਰਧਾਰਤ ਕੀਤੇ ਘਰ ਤੋਂ ਚਲਾ ਗਿਆ ਸੀ ਅਤੇ ਆਪਣਾ ਨਿਗਰਾਨੀ ਰੱਖਣ ਵਾਲਾ ਇਲੈਕਟ੍ਰਾਨਿਕ ਉਪਕਰਣ ਹਟਾ ਦਿੱਤਾ ਸੀ। ਉਸੇ ਦਿਨ ਤੋਂ ਸਰੀ ਆਰਸੀਐਮਪੀ ਗੈਂਗ ਇਨਫੋਰਸਮੈਂਟ ਟੀਮ ਬੋਸੀਆਕੋ ਦੀ ਭਾਲ ਕਰ ਰਹੀ ਸੀ। 7 ਜੂਨ ਨੂੰ ਸਵੇਰੇ ਲਗਪਗ 9.45 ਵਜੇ ਸਰੀ ਆਰਸੀਐਮਪੀ ਦੀ ਹਾਈ ਰਿਸਕ ਟਾਰਗੈਟ ਟੀਮ ਨੇ ਇੰਟੀਗ੍ਰੇਟਿਜ ਲੋਅਰ ਮੇਨਲੈਂਡ ਐਮਰਜੈਂਸੀ ਰਿਸਪਾਂਸ ਟੀਮ ਦੀ ਸਹਾਇਤਾ ਨਾਲ ਨਿਊ ਵੈਸਟਮਿਨਸਟਰ ਵਿਚ ਕੋਲੰਬੀਆ ਸੁਕੇਅਰ ਕੰਪਲੈਕਸ ਤੋਂ ਕਵਾਬੇਨਾ ਬੋਸੀਆਕੋ ਨੂੰ ਗ੍ਰਿਫ਼ਤਾਰ ਕਰ ਲਿਆ।




# ਮੰਤਰੀ ਡਿਕਸ ਵਲੋਂ ਸਰੀ ਮੈਮੋਰੀਅਲ ਹਸਪਤਾਲ ਨੂੰ ਮਦਦ ਦੇਣ ਦਾ ਐਲਾਨ

ਵੈਨਕੂਵਰ-ਸਿਹਤ ਮੰਤਰੀ ਐਡਰੀਅਨ ਡਿਕਸ ਨੇ ਐਲਾਨ ਕੀਤਾ ਕਿ ਸਰੀ ਮੈਮੋਰੀਅਲ ਹਸਪਤਾਲ ਨੂੰ ਬਹੁਤ ਹੀ ਲੋੜੀਂਦੀ ਮਦਦ ਦਿੱਤੀ ਜਾ ਰਹੀ ਹੈ। ਐਸਐਮਐਚ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਡਿਕਸ ਨੇ ਕਿਹਾ ਕਿ ਫਰੇਜ਼ਰ ਹੈਲਥ ਅਤੇ ਸਰੀ ਵਿਚ ਸਿਹਤ ਸੰਭਾਲ ਕਾਮਿਆਂ ਨਾਲ ਮੀਟਿੰਗ ਪਿੱਛੋਂ ਸੂਬੇ ਨੇ ਸਰੀ ਦੇ ਰੁਝੇ ਰਹਿਣ ਵਾਲੇ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨ ਵਾਲੇ ਹਸਪਤਾਲ ਵਿਖੇ ਦੇਖਭਾਲ ਵਿਚ ਸੁਧਾਰ ਤੇ ਵਿਸਥਾਰ ਲਈ ਛੋਟੀ ਮਿਆਦ, ਲੰਬੀ ਮਿਆਦ ਤੇ ਦਰਮਿਆਨੀ ਮਿਆਦ ਵਾਲੀ ਰਣਨੀਤੀਆਂ ਦੀ ਪਛਾਣ ਕੀਤੀ ਹੈ। ਡਿਕਸ ਨੇ ਕਿਹਾ ਕਿ



ਉਹ ਸਰੀ ਮੈਮੋਰੀਅਲ ਹਸਪਤਾਲ ਦੇ ਬਹੁਤ ਸਾਰੇ ਸਿਹਤ ਸੰਭਾਲ ਕਾਮਿਆਂ ਲਈ ਸ਼ੁਕਰਗੁਜ਼ਾਰ ਹੈ ਜਿਨ੍ਹਾਂ ਨੇ ਆਪਣੀਆਂ ਚਿੰਤਾਵਾਂ ਮੇਰੇ ਕੋਲ ਉਠਾਈਆਂ ਹਨ। ਜਿਨ੍ਹਾਂ ਵਿਚ ਸਖਤ ਮਿਹਨਤ ਕਰਨ ਵਾਲੇ ਲੋਕ ਵੀ ਸ਼ਾਮਿਲ ਸਨ ਜਿਨ੍ਹਾਂ ਨੇ ਬੀਤੇ ਹਫ਼ਤੇ ਮੇਰੇ ਨਾਲ ਗੱਲ ਕਰਨ ਲਈ ਆਪਣਾ ਸਮਾਂ ਕੱਢਿਆ ਸੀ। ਉਨ੍ਹਾਂ ਕਿਹਾ ਕਿ ਕਲੋਵਰਡੇਲ ਵਿਚ ਬਣਾਏ ਜਾ ਰਹੇ ਨਵੇਂ ਸਰੀ ਹਸਪਤਾਲ ਤੋਂ ਇਲਾਵਾ ਐਸਐਮਐਚ ਵਿਚ ਹੋਰ ਦਾਖਲ ਤੇ ਬਾਹਰੀ ਮਰੀਜ਼ਾਂ, ਆਪਰੇਸ਼ਨਾਂ ਅਤੇ ਕਲੀਨੀਕਲ ਪ੍ਰੋਗਰਾਮਾਂ ਵਿਚ ਸੁਧਾਰ ਤੇ ਵਾਧੇ ਨਾਲ ਵਿਸਥਾਰ ਦੀ ਯੋਜਨਾ ਦਾ ਕੰਮ ਚੱਲ ਰਿਹਾ ਹੈ।

# ਕੌਂਸਲ ਪੁਲਿਸ ਟਰਾਂਜ਼ੀਸ਼ਨ ਬਾਰੇ ਅੰਤਿਮ ਤੇ ਤੱਥਾਂ ਆਧਾਰਤ ਫ਼ੈਸਲਾ ਲੈਣਾ ਚਾਹੁੰਦੀ-ਮੇਅਰ ਲੋਕ



ਸਰੀ-ਸਰੀ ਦੀ ਮੇਅਰ ਬਰੈਂਡਾ ਲੋਕ ਨੇ ਕਿਹਾ ਕਿ ਉਸ ਦਾ ਇਸ ਮਹੀਨੇ ਸਿਟੀ ਸਟਾਫ ਲਈ ਨਿਸ਼ਾਨਾ ਵਿਆਪਕ ਕਾਰਪੋਰੇਟ ਰਿਪੋਰਟ ਕੌਂਸਲ ਸਾਹਮਣੇ ਪੇਸ਼ ਕਰਨ ਸਬੰਧੀ ਹੈ ਤਾਂ ਜੋ ਇਹ ਪੁਲਿਸ ਪ੍ਰਬੰਧ ਟਰਾਂਜ਼ੀਸ਼ਨ ਲਈ ਅੰਤਿਮ ਤੇ ਤੱਥਾਂ ਆਧਾਰਤ ਫ਼ੈਸਲਾ ਲੈ ਸਕੇ। ਕੌਂਸਲ ਦੀ ਰਾਤ ਸਮੇਂ ਹੋਈ ਮੀਟਿੰਗ ਵਿਚ ਮੇਅਰ ਬਰੈਂਡਾ ਲੋਕ ਨੇ ਕਿਹਾ ਕਿ ਉਸ ਦਾ ਟੀਚਾ ਇਸੇ ਮਹੀਨੇ ਇਸ ਨੂੰ ਪੂਰਾ ਕਰਨਾ ਹੈ। ਇਸ ਮਹੀਨੇ 19 ਜੂਨ ਨੂੰ ਕੌਂਸਲ ਦੀ ਇਕ ਹੋਰ ਮੀਟਿੰਗ ਹੋਵੇਗੀ। ਲੋਕ ਨੇ ਕਿਹਾ ਕਿ ਇਹ ਅੱਜ ਦਾ ਮੁੱਦਾ ਨਹੀਂ, ਇਹ ਪੀੜ੍ਹੀ ਦਾ ਫ਼ੈਸਲਾ ਹੈ ਜਿਸ ਦਾ ਭਵਿੱਖ ਦੀਆਂ ਪੀੜ੍ਹੀਆਂ 'ਤੇ ਅਸਰ ਪਵੇਗਾ। ਉਹ ਪਿਛਲੇ ਸਾਢੇ ਚਾਰ ਸਾਲਾਂ ਵਿਚ ਇਨ੍ਹਾਂ ਮੁਸ਼ਕਿਲ ਹਾਲਤਾਂ ਵਿਚ ਹਰ ਰੋਜ਼ ਇਸ ਸ਼ਹਿਰ ਦੇ ਸੇਵਾ ਤੇ ਸੁਰੱਖਿਆ ਲਈ ਚੰਗਾ ਕੰਮ ਕਰਨ ਵਾਲੇ ਮਰਦਾਂ ਤੇ ਔਰਤਾਂ ਦੀ ਧੰਨਵਾਦ ਕਰਨਾ ਚਾਹੁੰਦੀ ਹੈ।

# ਭੀੜ ਵਾਲੇ ਸਮੇਂ ਦੌਰਾਨ ਵਿਦਿਆਰਥੀ ਟਰੱਕ ਡਰਾਈਵਰਾਂ ਨੂੰ ਸੜਕਾਂ 'ਤੇ ਆਉਣ ਤੋਂ ਰੋਕਿਆ ਜਾਵੇ-ਕੌਂਸਲਰ ਕੂਨਰ

ਸਰੀ-ਕੌਂਸਲਰ ਪ੍ਰਦੀਪ ਕੂਨਰ ਦਾ ਕਹਿਣਾ ਕਿ ਲੋਕਾਂ ਦੀ ਸਹੂਲਤ ਲਈ ਵਿਦਿਆਰਥੀ ਟਰੱਕ ਡਰਾਈਵਰਾਂ ਨੂੰ ਆਵਾਜਾਈ ਦੀ ਭੀੜ ਵਾਲੇ ਸਮੇਂ ਦੌਰਾਨ ਸੜਕਾਂ 'ਤੇ ਆਉਣ ਤੋਂ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਭੀੜ ਵਾਲੇ ਸਮੇਂ ਦੌਰਾਨ ਵਿਦਿਆਰਥੀ ਟਰੱਕ ਡਰਾਈਵਰਾਂ ਨੂੰ ਸੜਕਾਂ, ਖ਼ਾਸਕਰ ਨਿਊਟਨ ਦੇ ਇੰਡਸਟਰੀਅਲ ਏਰੀਆ ਵਿਚ ਰੋਕਣ ਤੋਂ ਬਿਨ੍ਹਾਂ ਸਰੀ ਦੇ ਰੋਜ਼ਾਨਾਂ ਆਉਣ ਜਾਣ ਵਾਲੇ ਯਾਤਰੀਆਂ ਨੂੰ ਜ਼ਿਆਦਾ ਤਕਲੀਫ ਹੋਵੇਗੀ। ਕੂਨਰ ਨੇ ਕਿਹਾ ਕਿ ਅਸੀਂ ਲੋਕਾਂ ਦੀਆਂ ਜਿੰਦਗੀਆਂ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਇਹੀ ਸਾਡਾ ਟੀਚਾ



ਹੈ। ਕੌਂਸਲਰ ਕੂਨਰ ਨੇ ਕੌਂਸਲ ਨੂੰ ਮਤੇ ਦਾ ਨੋਟਿਸ ਦੇ ਕਿਹਾ ਕਿ ਸਿਟੀ ਸਟਾਫ ਨੂੰ ਭੀੜ ਵਾਲੇ ਸਮੇਂ ਦੌਰਾਨ ਟਰੱਕ ਡਰਾਈਵਿੰਗ ਸਕੂਲਾਂ ਨੂੰ ਆਪਣੇ ਵਿਦਿਆਰਥੀਆਂ ਨਾਲ ਸੜਕਾਂ 'ਤੇ ਆਉਣ ਦੀ ਇਜਾਜ਼ਤ ਨਾ ਦੇਣ ਲਈ ਬਿਜਨਸ ਲਾਇਸੰਸ ਵਿਚ ਸੋਧ ਦਾ ਪਤਾ ਲਗਾਉਣ ਲਈ ਕਿਹਾ ਜਾਵੇ। ਉਂਜ ਕੂਨਰ ਨੇ ਨਾਉ-ਲੀਡਰ ਨੂੰ ਦੱਸਿਆ ਕਿ ਉਸ ਦੇ ਮਤੇ ਦਾ ਨਿਸ਼ਾਨਾ ਕਾਰਾਂ ਸਿਖਣ ਵਾਲੇ ਲੋਕਾਂ ਲਈ ਡਰਾਈਵਿੰਗ ਹਦਾਇਤਾਂ ਕਰਨ ਸਬੰਧੀ ਨਹੀਂ। ਇਹ ਸਿਰਫ ਟਰੱਕ ਡਰਾਈਵਰਾਂ ਲਈ ਹੈ ਕਿਉਂਕਿ ਉਹ ਲਾਈਟਾਂ ਨੂੰ ਬੰਦ ਕਰ ਰਹੇ ਹਨ।

UNI GLOBAL IMMIGRATION
CONSULTING SERVICES LTD.
*Your Dream......Our Passion*
**For All Your Immigration Related Needs**

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

## 13 ਦੇਸ਼ਾਂ ਦੇ ਪਹਿਲਾਂ ਸਫਰ ਕਰ ਚੁੱਕੇ ਯਾਤਰੀਆਂ ਨੂੰ ਕੈਨੇਡਾ ਆਉਣ ਲਈ ਵੀਜ਼ਾ ਅਰਜ਼ੀ ਦੇਣ ਦੀ ਲੋੜ ਨਹੀਂ-ਇਮੀਗ੍ਰੇਸ਼ਨ ਮੰਤਰੀ

ਓਟਵਾ-ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਐਲਾਨ ਕੀਤਾ ਕਿ 13 ਦੇਸ਼ਾਂ ਦੇ ਘੱਟ ਜ਼ੋਖਮ ਵਾਲੇ ਯਾਤਰੀ ਜੇਕਰ ਕੈਨੇਡਾ ਦੀ ਯਾਤਰਾ ਕਰਨੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵੀਜ਼ੇ ਲਈ ਅਰਜ਼ੀ ਦੇਣ ਦੀ ਲੋੜ ਨਹੀਂ। ਇਕ ਵਿਸਤ੍ਰਿਤ ਪ੍ਰੋਗਰਾਮ ਲੋਕਾਂ ਨੂੰ ਇਸ ਦੀ ਬਜਾਏ ਇਲੈਕਟ੍ਰਾਨਿਕ ਤਰੀਕੇ ਨਾਲ ਅਪਲਾਈ ਕਰਨ ਦੀ ਇਜਾਜ਼ਤ ਦੇਵੇਗਾ। ਇਲੈਕਟ੍ਰਾਨਿਕ ਡਿਜੀਟਲ ਐਥੋਰਾਈਜੇਸ਼ਨ ਇਕ ਡਿਜੀਟਲ ਟਰੈਵਲ ਦਸਤਾਵੇਜ਼ ਹੈ ਜਿਸ ਦੀ ਲਾਗਤ 7 ਡਾਲਰ ਹੈ ਅਤੇ ਉਸ ਦੀ ਪ੍ਰਕਿਰਿਆ ਮਿੰਟਾਂ ਵਿਚ ਨਬੇੜੀ ਜਾ ਸਕਦੀ ਹੈ। 13 ਦੇਸ਼ਾਂ ਦੇ ਯਾਤਰੀਆਂ ਨੇ ਜੇਕਰ ਪਿਛਲੇ 10 ਸਾਲਾਂ ਵਿਚ ਕੈਨੇਡੀਅਨ ਵੀਜ਼ਾ ਲਿਆ ਹੋਵੇ ਜਾਂ ਮੌਜੂਦਾ ਸਮੇਂ ਅਮਰੀਕਾ ਦਾ ਗੈਰ-ਪ੍ਰਵਾਸੀ ਵੀਜ਼ਾ ਹੈ ਅਤੇ ਹਵਾਈ ਯਾਤਰਾ ਕਰ ਰਹੇ ਹਨ ਉਹ ਤੇਜ਼, ਸਸਤੇ ਵਿਕਲਪ ਲਈ ਕੁਆਲੀਫਾਈ ਕਰ ਸਕਦੇ ਹਨ। ਕੈਨੇਡਾ ਨੇ ਪਾਇਲਟ ਪ੍ਰਾਜੈਕਟ ਤਹਿਤ 2017 ਵਿਚ ਬਰਾਜ਼ੀਲ, ਬਲਗਾਰੀਆ ਅਤੇ ਰੋਮਾਨੀਆਂ ਦੇ ਯਾਤਰੀਆਂ ਲਈ ਇਹ ਤਰੀਕਾ ਅਪਨਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਸਮੇਂ ਤੋਂ ਬਲਗਾਰੀਆ ਤੇ ਰੋਮਾਨੀਆ ਲਈ ਵੀਜ਼ਾ ਸ਼ਰਤਾਂ ਨੂੰ ਹਟਾ ਦਿੱਤਾ ਗਿਆ ਹੈ ਪਰ ਬਰਾਜ਼ੀਲ ਤੋਂ ਯੋਗ ਲੋਕ ਅਜੇ ਵੀ ਇਲੈਕਟ੍ਰਾਨਿਕ ਟਰੈਵਲ ਐਥੋਰਾਈਜੇਸ਼ਨ ਲਈ ਅਪਲਾਈ ਕਰ ਸਕਦੇ ਹਨ।

## ਰਿਟੇਲ ਚੋਰੀ ਨੂੰ ਲੈ ਕੇ ਪੁਲਿਸ ਵਲੋਂ ਇਕ ਦਿਨ 'ਚ 26 ਗ੍ਰਿਫ਼ਤਾਰੀਆਂ

ਸਰੀ-ਗਿਲਡਫੋਰਡ ਵਿਚ ਸਰੀ ਪੁਲਿਸ ਨੇ ਟਰਾਂਜਿਟ ਪੁਲਿਸ ਐਂਡ ਡੈਲਟਾ ਪੁਲਿਸ ਨਾਲ ਇਕ ਦਿਨ ਦੇ ਤਾਲਮੇਲ ਯਤਨਾਂ ਨਾਲ ਗਿਲਡਫੋਰਡ ਟਾਊਨ ਸੈਂਟਰ ਨੂੰ ਨਿਸ਼ਾਨਾ ਬਣਾਉਂਦੇ ਹੋਏ 26 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਸਿੱਟੇ ਵਜੋਂ ਹਜ਼ਾਰਾਂ ਡਾਲਰ ਦੇ ਚੋਰੀ ਕੀਤੇ ਮਾਲ ਦੀ ਬਰਾਮਦਗੀ ਕੀਤੀ ਹੈ। ਸਰੀ ਆਰਸੀਐਮਪੀ ਕਾਰਪੋਰਲ ਵਨੇਸਾ ਮੁਨ ਨੇ ਦੱਸਿਆ ਕਿ ਸਰੀ ਆਰਸੀਐਮਪੀ ਦੀ ਨੌਰਥ ਕਮਿਊਨਿਟੀ ਰਿਸਪਾਂਸ ਯੂਨਿਟ, ਮੈਟਰੋ ਵੈਨਕੂਵਰ ਟਰਾਂਜ਼ਿਟ ਪੁਲਿਸ ਸਰਵਿਸ ਕਰਾਈਮ ਸੁਪਰੈਸ਼ਨ ਟੀਮ ਅਤੇ ਡੈਲਟਾ ਪੁਲਿਸ ਸਰਵਿਸ ਪੈਟਰੋਲ ਸੁਪੋਰਟ ਟੀਮ ਨੇ ਇਕੱਠੇ ਹੋ ਕੇ ਗਿਲਡਫੋਰਡ ਟਾਊਨ ਸੈਂਟਰ ਵਿਖੇ ਰਿਟੇਲ ਚੋਰੀ ਨੂੰ ਨਿਸ਼ਾਨਾ ਬਣਾਇਆ ਸੀ। ਇਕ ਦਿਨ ਵਿਚ 26 ਗ੍ਰਿਫ਼ਤਾਰੀਆਂ ਕੀਤੀਆਂ ਜਿਸ ਵਿਚ ਪੰਜ ਗ੍ਰਿਫਤਾਰੀ ਵਾਰੰਟ ਦੀ ਤਾਮੀਲ ਸ਼ਾਮਿਲ ਹੈ ਅਤੇ 15 ਅਪਰਾਧਿਕ ਦੋਸ਼ਾਂ ਦੀ ਸਿਫਾਰਸ਼ ਕੀਤੀ। ਭੋਜਨ, ਕੱਪੜਿਆਂ, ਇਲੈਕਟ੍ਰਾਨਿਕਸ ਤੇ ਹਾਰ ਸ਼ਿੰਗਾਰ ਦੀਆਂ ਵਸਤਾਂ ਸਮੇਤ ਪੰਜ ਹਜ਼ਾਰ ਡਾਲਰ ਤੋਂ ਵੀ ਜ਼ਿਆਦਾ ਕੀਮਤ ਦਾ ਮਾਲ ਬਰਾਮਦ ਕੀਤਾ ਗਿਆ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਵਿਚ ਕਿਸ਼ੋਰਾਂ ਤੋਂ ਲੈ ਕੇ 40 ਸਾਲ ਉਮਰ ਦੇ ਬਾਲਗ ਸ਼ਾਮਿਲ ਹਨ।

# 71ਵੇਂ ਵਿਸ਼ਵ ਸੁੰਦਰੀ ਮੁਕਾਬਲੇ ਦੀ ਮੇਜ਼ਬਾਨੀ ਕਰੇਗਾ ਭਾਰਤ

ਨਵੀਂ ਦਿੱਲੀ-ਇਸ ਸਾਲ ਹੋਣ ਵਾਲਾ 71ਵਾਂ ਵਿਸ਼ਵ ਸੁੰਦਰੀ ਮੁਕਾਬਲਾ ਭਾਰਤ ਵਿੱਚ ਕਰਵਾਇਆ ਜਾਵੇਗਾ। ਇਹ ਮੁਕਾਬਲਾ ਇਸ ਸਾਲ ਨਵੰਬਰ ਮਹੀਨੇ ਵਿੱਚ ਕਰਵਾਇਆ ਜਾਵੇਗਾ, ਭਾਰਤ ਲਗਪਗ ਤਿੰਨ ਦਹਾਕਿਆਂ ਬਾਅਦ ਮੁੜ ਇਸ ਕੌਮਾਂਤਰੀ ਮੁਕਾਬਲੇ ਦੀ ਮੇਜ਼ਬਾਨੀ ਕਰੇਗਾ, ਪਿਛਲੀ ਵਾਰ ਭਾਰਤ ਨੇ 1996 ਵਿੱਚ ਮੇਜ਼ਬਾਨੀ ਕੀਤੀ ਸੀ। ਵਿਸ਼ਵ ਸੁੰਦਰੀ ਆਰਗੇਨਾਈਜ਼ੇਸ਼ਨ ਦੀ ਚੇਅਰਪਰਸਨ ਅਤੇ ਸੀਈਓ ਜੂਲੀਆ ਮੋਰਲੇ ਨੇ ਅੱਜ ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, 'ਮੈਨੂੰ ਇਹ ਐਲਾਨ ਕਰਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਇਸ ਵਾਰ ਦੇ ਵਿਸ਼ਵ ਸੁੰਦਰੀ ਮੁਕਾਬਲੇ ਦਾ ਫਾਈਨਲ ਭਾਰਤ ਵਿੱਚ ਕਰਵਾਇਆ ਜਾਵੇਗਾ। ਅਸੀਂ ਭਾਰਤ ਦੇ ਨਿਵੇਕਲੇ ਸਭਿਆਚਾਰ ਅਤੇ ਸੰਸਕ੍ਰਿਤੀ ਨੂੰ ਪੂਰੀ ਦੁਨੀਆਂ ਸਾਹਮਣੇ ਰੱਖਣ ਲਈ ਬੇਤਾਬ ਹਾਂ।' ਇਸ ਮੁਕਾਬਲੇ ਦੇ ਫਾਈਨਲ ਵਿੱਚ 130 ਦੇਸ਼ਾਂ ਦੀਆਂ ਜੇਤੂ ਮੁਟਿਆਰਾਂ ਇੱਕ ਮਹੀਨੇ ਲਈ ਭਾਰਤ ਆਉਣਗੀਆਂ। ਇੱਕ ਮਹੀਨਾ ਚੱਲਣ ਵਾਲੇ ਇਸ ਮੁਕਾਬਲੇ ਦੌਰਾਨ ਮੁਟਿਆਰਾਂ ਦੇ ਕਈ ਤਰ੍ਹਾਂ ਦੇ ਮੁਕਾਬਲੇ ਕਰਵਾਏ ਜਾਣਗੇ, ਜਿਨ੍ਹਾਂ ਵਿੱਚ ਹੁਨਰ ਪ੍ਰਦਰਸ਼ਨ, ਖੇਡਾਂ ਦੇ ਮੁਕਾਬਲੇ ਤੇ ਭਲਾਈ ਕਾਰਜ ਵੀ ਸ਼ਾਮਲ ਹਨ। ਮੌਜੂਦਾ ਵਿਸ਼ਵ ਸੁੰਦਰੀ ਪੋਲੈਂਡ ਦੀ ਕੈਰੋਲੀਨਾ ਬੇਲਾਵਸਕਾ ਵੀ ਭਾਰਤ ਪਹੁੰਚੀ ਹੋਈ ਹੈ। ਕੈਰੋਲੀਨਾ ਨੇ ਕਿਹਾ, 'ਮੇਜ਼ਬਾਨੀ ਕਰਨ ਵਿੱਚ ਭਾਰਤ ਸਭ ਤੋਂ ਅੱਗੇ ਹੈ...ਇਹ ਭਾਰਤ ਦਾ ਮੇਰਾ ਦੂਜਾ ਗੇੜਾ ਹੈ...ਤੇ ਇੱਥੇ ਸਭ ਨੇ ਮੈਨੂੰ ਇਹ ਮਹਿਸੂਸ ਕਰਵਾਇਆ ਹੈ, ਜਿਵੇਂ ਮੈਂ ਆਪਣੇ ਘਰ ਵਿੱਚ ਹੀ ਹੋਵਾਂ...ਇਥੇ ਸਾਰੇ ਹਾਲੇ ਵੀ ਅਨੇਕਤਾ ਵਿੱਚ ਏਕਤਾ ਦੇ ਮੁੱਲਾਂ 'ਤੇ ਕਾਇਮ ਹਨ...ਅਸੀਂ ਸਾਰੇ ਵਿਸ਼ਵ ਨੂੰ ਇੱਥੋਂ ਦੇ ਪਰਿਵਾਰ, ਪਿਆਰ, ਇੱਜ਼ਤ, ਦਿਆਲਤਾ ਤੇ ਚੰਗਿਆਈ ਦਿਖਾਉਣੀ ਚਾਹੁੰਦੇ ਹਾਂ।' ਇਸ ਮੌਕੇ ਮੌਜੂਦਾ ਮਿਸ ਇੰਡੀਆ ਸਿਨੀ ਸ਼ੈੱਟੀ ਨੇ ਕਿਹਾ, 'ਮੈਂ ਦੁਨੀਆ ਭਰ ਦੀਆਂ ਆਪਣੀਆਂ ਭੈਣਾਂ ਨੂੰ ਮਿਲਣ ਲਈ ਉਤਸੁਕ ਹਾਂ। ਮੈਂ ਉਨ੍ਹਾਂ ਨੂੰ ਭਾਰਤ ਅਤੇ ਇਸ ਦੇ ਅਸਲੀ ਰੰਗਾਂ ਨਾਲ ਜਾਣੂ ਕਰਵਾਉਣਾ ਚਾਹੁੰਦੀ ਹਾਂ।' ਜ਼ਿਕਰਯੋਗ ਹੈ ਕਿ ਭਾਰਤ ਹੁਣ ਤੱਕ ਛੇ ਵਾਰ ਇਹ ਸਨਮਾਨ ਆਪਣੀ ਝੋਲੀ ਪੁਆ ਚੁੱਕਿਆ ਹੈ: ਰੀਟਾ ਫਾਰੀਆ (1966), ਐਸ਼ਵਰਿਆ ਰਾਏ (1994), ਡਿਆਨਾ ਹੇਡਨ (1997), ਯੁਕਤਾ ਮੁਖੀ (1999), ਪ੍ਰਿਅੰਕਾ ਚੋਪੜਾ (2000) ਅਤੇ ਮਾਨੁਸ਼ੀ ਛਿੱਲਰ (2017)।

# ਟਰੂਡੋ ਵੱਲੋਂ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਨੂੰ ਨਿਆਂ ਦਾ ਭਰੋਸਾ

ਸਫ਼ਾ 1 ਦੀ ਬਾਕੀ

ਅਥਾਰਿਟੀਜ਼ ਵੱਲੋਂ ਇਨ੍ਹਾਂ ਦੇ ਸਿੱਖਿਆ ਸੰਸਥਾਵਾਂ ਲਈ 'ਦਾਖ਼ਲਾ ਪੇਸ਼ਕਸ਼ ਪੱਤਰ' (ਐਡਮਿਸ਼ਨ ਆਫ਼ਰ ਲੈਟਰਜ਼) ਜਾਅਲੀ ਪਾਏ ਜਾਣ ਮਗਰੋਂ ਵਿਦਿਆਰਥੀਆਂ 'ਤੇ ਜਲਾਵਤਨੀ ਦੀ ਤਲਵਾਰ ਲਟਕੀ ਹੋਈ ਹੈ। ਸਬੰਧਤ ਵਿਦਿਆਰਥੀਆਂ ਵੱਲੋਂ ਕੈਨੇਡਾ ਵਿਚ ਸਥਾਈ ਨਿਵਾਸ (ਪੀਆਰ) ਲਈ ਅਪਲਾਈ ਕਰਨ ਮੌਕੇ ਮਾਰਚ ਮਹੀਨੇ ਇਸ ਪੂਰੇ ਮਾਮਲੇ ਤੋਂ ਪਰਦਾ ਉੱਠਿਆ ਸੀ। ਟਰੂਡੋ ਨੇ ਬੁੱਧਵਾਰ ਨੂੰ ਸੰਸਦ ਵਿੱਚ ਹੋਈ ਵਿਚਾਰ ਚਰਚਾ ਦੌਰਾਨ ਕਿਹਾ, "ਜਲਾਵਤਨੀ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦੇ ਕੇਸਾਂ ਬਾਰੇ ਸਾਨੂੰ ਪੂਰੀ ਜਾਣਕਾਰੀ ਹੈ। ਸਾਫ਼ ਕਰ ਦਿਆਂ, ਸਾਡਾ ਸਾਰਾ ਧਿਆਨ ਦੋਸ਼ੀਆਂ ਦੀ ਪਛਾਣ ਕਰਨਾ ਹੈ ਨਾ ਕਿ ਪੀੜਤਾਂ ਨੂੰ ਸਜ਼ਾ ਦੇਣਾ।" ਟਰੂਡੋ ਨੇ ਸਿੱਖ ਮੂਲ ਦੇ ਐੱਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਪ੍ਰਗਟਾਏ ਫ਼ਿਕਰਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ, "ਠੱਗੀ ਦੇ ਸ਼ਿਕਾਰ ਪੀੜਤਾਂ ਨੂੰ ਆਪਣੇ ਹਾਲਾਤ ਬਿਆਨ ਕਰਨ ਤੇ ਕੇਸ ਦੀ ਹਮਾਇਤ 'ਚ ਸਬੂਤ ਪੇਸ਼ ਕਰਨ ਦਾ ਪੂਰਾ ਮੌਕਾ ਦਿੱਤਾ ਜਾਵੇਗਾ। ਅਸੀਂ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਸਾਡੇ ਮੁਲਕ ਵਿੱਚ ਪਾਏ ਵੱਡੇ ਯੋਗਦਾਨ ਨੂੰ ਮਾਨਤਾ ਦਿੰਦੇ ਹਾਂ ਤੇ ਅਸੀਂ ਧੋਖਾਧੜੀ ਦੇ ਪੀੜਤਾਂ ਦੀ ਹਮਾਇਤ ਲਈ ਵਚਨਬੱਧ ਹਾਂ। ਅਸੀਂ ਹਰੇਕ ਕੇਸ ਦਾ ਮੁਲਾਂਕਣ ਕਰਾਂਗੇ।" 'ਦਿ ਟੋਰਾਂਟੋ ਸਟਾਰ' ਅਖ਼ਬਾਰ ਨੇ ਆਪਣੀ ਇਕ ਰਿਪੋਰਟ ਵਿੱਚ ਕਿਹਾ ਕਿ ਸਰਬ-ਪਾਰਟੀ ਇਮੀਗ੍ਰੇਸ਼ਨ ਕਮੇਟੀ ਨੇ ਬੁੱਧਵਾਰ ਨੂੰ ਸਰਬਸੰਮਤੀ ਨਾਲ ਵੋਟ ਪਾ ਕੇ ਕੈਨੇਡਾ ਸਰਹੱਦੀ ਸਰਵਿਸਿਜ਼ ਏਜੰਸੀ (ਸੀਬੀਐੱਸਏ) ਨੂੰ ਸੱਦਾ ਦਿੱਤਾ ਹੈ ਕਿ ਪੀੜਤ ਵਿਦਿਆਰਥੀਆਂ ਨੂੰ ਜਲਾਵਤਨੀ ਤੋਂ ਛੋਟ ਦਿੱਤੀ ਜਾਵੇ। ਕਮੇਟੀ ਨੇ ਸੀਬੀਐੱਸਏ ਨੂੰ ਕਿਹਾ ਕਿ ਉਹ ਵਿਦਿਆਰਥੀਆਂ, ਜਿਨ੍ਹਾਂ ਵਿੱਚੋਂ 700 ਦੇ ਕਰੀਬ ਭਾਰਤੀ ਹਨ, ਨੂੰ ਮਾਨਵੀ ਅਧਾਰ 'ਤੇ ਜਾਂ ਫਿਰ 'ਰੈਗੂਲਰਾਈਜ਼ੇਸ਼ਨ' ਪ੍ਰੋਗਰਾਮ ਜ਼ਰੀਏ ਸਥਾਈ ਨਿਵਾਸ (ਪੀਆਰ) ਲਈ ਬਦਲ ਮੁਹੱਈਆ ਕਰਵਾਏ। ਮਤਾ ਰੱਖਣ ਵਾਲੀ ਕਾਨੂੰਨਸਾਜ਼ ਜੈਨੀ ਕਵਾਨ ਨੇ ਵਿਦਿਆਰਥੀਆਂ ਨੂੰ ਠੱਗੀ ਦਾ ਸ਼ਿਕਾਰ ਦੱਸਦਿਆਂ ਕਿਹਾ, "ਪਹਿਲਕਦਮੀ ਵਜੋਂ ਇਹ ਬਹੁਤ ਜ਼ਰੂਰੀ ਤੇ ਅਹਿਮ ਹੈ। ਵਿਦਿਆਰਥੀ ਠੱਗੀ ਦਾ ਸ਼ਿਕਾਰ ਹਨ ਤੇ ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ। ਇਹ ਵਿਦਿਆਰਥੀ, ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਮੈਂ ਮਿਲ ਚੁੱਕੀ ਹਾਂ, ਹੁਣ ਬਹੁਤ ਭਿਆਨਕ ਹਾਲਾਤ ਵਿੱਚ ਹਨ। ਉਹ ਪੈਸਾ ਧੇਲਾ ਗੁਆ ਚੁੱਕੇ ਹਨ ਤੇ ਉਹ ਬਹੁਤ ਮੁਸ਼ਕਲ ਹਾਲਾਤ ਵਿੱਚ ਹਨ। ਅਤੇ ਇਨ੍ਹਾਂ ਵਿਚੋਂ ਕਈਆਂ ਕੋਲ ਜਲਾਵਤਨੀ ਦੇ ਹੁਕਮ ਹਨ। ਹੋਰਨਾਂ ਕਈਆਂ ਦੀ ਸੀਬੀਐੱਸਏ ਨਾਲ ਬੈਠਕਾਂ ਬਕਾਇਆ ਹਨ।" ਉਧਰ ਇਮੀਗ੍ਰੇਸ਼ਨ ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਮੰਤਰੀ ਸੀਨ ਫਰੇਜ਼ਰ ਨੇ ਟਵਿੱਟਰ 'ਤੇ ਕਿਹਾ, "ਅਸੀਂ ਇਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਨਾਲ ਜੁੜੇ ਮਸਲੇ ਦੇ ਹੱਲ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਾਂ। ਜਿਨ੍ਹਾਂ ਲੋਕਾਂ ਨੇ ਸਹੀ ਮਾਅਨਿਆਂ ਵਿੱਚ ਪੜ੍ਹਨ ਦੇ ਇੱਛੁਕ ਵਿਦਿਆਰਥੀਆਂ ਦਾ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਨੂੰ ਆਪਣੇ ਕੀਤੇ ਦਾ ਸਿੱਟਾ ਭੁਗਤਣਾ ਹੋਵੇਗਾ।"

## ਬੀਬੀ ਜਗੀਰ ਕੌਰ ਦੇ ਦੋ ਸਾਥੀ ਅਕਾਲੀ ਦਲ ਵਿਚ ਸ਼ਾਮਿਲ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਬੀ ਜਗੀਰ ਕੌਰ ਦੇ ਦੋ ਹਮਾਇਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦਾ ਅਕਾਲੀ ਦਲ ਵਿਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ। ਪਾਰਟੀ ਪ੍ਰਧਾਨ ਨੇ ਅੱਜ ਇੱਥੇ ਪਾਇਲ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਹਰਪਾਲ ਸਿੰਘ ਜੱਲਾ ਅਤੇ ਅੰਬਾਲਾ ਤੋਂ ਮੈਂਬਰ ਅਮਰੀਕ ਸਿੰਘ ਜਨੇਤਪੁਰ ਦਾ ਅਕਾਲੀ ਦਲ ਵਿਚ ਸ਼ਾਮਲ ਹੋਣ 'ਤੇ ਸਨਮਾਨ ਕੀਤਾ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੀ ਉਮੀਦਵਾਰੀ ਦੀ ਹਮਾਇਤ ਕਰਨ ਵਾਲੇ 10 ਤੋਂ 15 ਹੋਰ ਸ਼੍ਰੋਮਣੀ ਕਮੇਟੀ ਮੈਂਬਰ ਜਲਦ ਅਕਾਲੀ ਦਲ ਵਿਚ ਸ਼ਾਮਲ ਹੋਣਗੇ। ਸ੍ਰੀ ਬਾਦਲ ਨੇ ਪਿਛਲੇ ਸਾਲਾਂ ਦੌਰਾਨ ਅਕਾਲੀ ਦਲ ਛੱਡ ਕੇ ਗਏ ਸਾਰੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਮਾਂ ਪਾਰਟੀ ਵਿਚ ਮੁੜ ਸ਼ਾਮਲ ਹੋਣ। ਉਨ੍ਹਾਂ ਕਿਹਾ ਕਿ ਜੇਕਰ ਮੇਰੇ ਤੋਂ ਕੋਈ ਗਲਤੀ ਹੋਈ ਹੋਵੇ ਤਾਂ ਉਹ ਮੁਆਫੀ ਮੰਗਦੇ ਹਨ ਪਰ ਪੰਥ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਰਚਣ ਵਾਲੀਆਂ ਤਾਕਤਾਂ ਨੂੰ ਮਾਤ ਪਾਉਣ ਲਈ ਸਾਡਾ ਇਕਜੁੱਟ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰਪਾਲ ਸਿੰਘ ਜੱਲਾ ਅਕਾਲੀ ਦਲ ਵਿਚ ਮੁੜ ਸ਼ਾਮਲ ਹੋਏ ਹਨ, ਉਥੇ ਹੀ ਅਮਰੀਕ ਸਿੰਘ ਜਨੇਤਪੁਰ ਇਕ ਆਜ਼ਾਦ ਜਿੱਤੇ ਹੋਏ ਮੈਂਬਰ ਹਨ। ਦੋਵਾਂ ਮੈਂਬਰਾਂ ਨੇ ਅਕਾਲੀ ਦਲ ਪ੍ਰਧਾਨ ਦੀ ਲੀਡਰਸ਼ਿਪ ਵਿਚ ਪੂਰਨ ਭਰੋਸਾ ਪ੍ਰਗਟ ਕੀਤਾ ਤੇ ਭਰੋਸਾ ਦਿਵਾਇਆ ਕਿ ਉਹ ਹਰ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰਨ ਵਾਸਤੇ ਕੰਮ ਕਰਨਗੇ।

## ਸ਼੍ਰੋਮਣੀ ਕਮੇਟੀ ਨੇ ਗੁਰੂ ਘਰ ਵਿਚ ਫਿਲਮ ਦੀ ਸ਼ੂਟਿੰਗ ਉਪਰ ਰੋਸ ਜਿਤਾਇਆ

ਅੰਮ੍ਰਿਤਸਰ -ਗੁਰਦਾਸਪੁਰ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਤੇ ਅਦਾਕਾਰ ਸੰਨੀ ਦਿਓਲ ਦੀ ਫ਼ਿਲਮ 'ਗਦਰ-2' ਦੇ ਇੱਕ ਸੀਨ ਦੀ ਗੁਰਦੁਆਰੇ ਦੀ ਹਦੂਦ ਅੰਦਰ ਕੀਤੀ ਸ਼ੂਟਿੰਗ 'ਤੇ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਕੀਤਾ ਹੈ। ਇਸ ਸਬੰਧੀ ਆਨਲਾਈਨ ਸਾਹਮਣੇ ਆਈ ਵੀਡੀਓ ਕਲਿਪ 'ਚ ਸੰਨੀ ਦਿਓਲ ਅਦਾਕਾਰਾ ਅਮੀਸ਼ਾ ਪਟੇਲ ਨੂੰ ਬਾਂਹ ਤੋਂ ਫੜ ਕੇ ਇੱਕ ਦੂਜੇ ਨੂੰ ਵੇਖਦੇ ਹੋਏ ਨਜ਼ਰ ਆ ਰਹੇ ਹਨ ਤੇ ਗਤਕੇ ਦਾ ਪ੍ਰਦਰਸ਼ਨ ਕਰ ਰਹੇ ਨੌਜਵਾਨ ਨਿਹੰਗ ਬਾਣੇ 'ਚ ਉਨ੍ਹਾਂ ਦੇ ਆਲੇ-ਦੁਆਲੇ ਪ੍ਰਦਰਸ਼ਨ ਕਰਦੇ ਦਿਖਾਈ ਦੇ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਗੁਰਦੁਆਰੇ ਵਿੱਚ ਹੀਰੋ ਅਤੇ ਹੀਰੋਇਨ ਨੂੰ ਜਿਸ ਸਥਿਤੀ ਵਿੱਚ ਦਿਖਾਇਆ ਗਿਆ ਹੈ, ਉਹ ਇਤਰਾਜ਼ਯੋਗ ਹੈ। ਉਨ੍ਹਾਂ ਕਿਹਾ ਕਿ ਸੰਨੀ ਦਿਓਲ ਤੇ ਫ਼ਿਲਮ ਦੇ ਨਿਰਦੇਸ਼ਕ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਅਜਿਹੇ ਦ੍ਰਿਸ਼ ਗੁਰਦੁਆਰੇ ਦੀ ਇਮਾਰਤ ਵਿੱਚ ਨਹੀਂ ਫਿਲਮਾਏ ਜਾ ਸਕਦੇ।







# ਬਹੁਤੇ ਕੈਨੇਡੀਅਨ ਚਾਹੁੰਦੇ ਹਨ ਦੇਸ਼ ਦੀ ਰਾਜਨੀਤੀ ਵਿਚ ਚੀਨੀ ਦਖਲਅੰਦਾਜ਼ੀ ਦੀ ਜਨਤਕ ਜਾਂਚ

ਓਟਵਾ-ਬਹੁਤੇ ਕੈਨੇਡੀਅਨ ਚਾਹੁੰਦੇ ਹਨ ਕਿ ਲਿਬਰਲ ਸਰਕਾਰ ਇਸ ਦੇਸ਼ ਦੇ ਲੋਕਤੰਤਰ ਵਿਚ ਚੀਨ ਦੀ ਸਰਕਾਰੀ ਦਖਲਅੰਦਾਜ਼ੀ ਦੀ ਜਨਤਕ ਜਾਂਚ ਕਰਵਾਏ ਅਤੇ ਬੀਜਿੰਗ ਵਲੋਂ ਕਥਿਤ ਚੋਣ ਦਖਲਅੰਦਾਜ਼ੀ ਲਈ ਜ਼ਿਆਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਜਵਾਬ ਦਿੱਤਾ ਜਾਵੇ। ਗਲੋਬ ਐਂਡ ਮੇਲ ਅਤੇ ਸੀਟੀਵੀ ਨਿਊਜ਼ ਵਲੋਂ ਕਰਵਾਈ ਨੈਨੋ ਰਿਸਰਚ ਸਰਵੇਖਣ ਵਿਚ 72 ਫ਼ੀਸਦੀ ਕੈਨੇਡੀਅਨ ਨੇ ਕਿਹਾ ਕਿ ਉਹ ਇਕ ਵਿਦੇਸ਼ੀ ਏਜੰਟ ਰਜਿਸਟਰੀ ਦਾ ਸਮਰਥਨ ਕਰਨਗੇ ਜਿਸ ਵਿਚ ਲੋਕਾਂ ਨੂੰ ਵਿਦੇਸ਼ੀ ਸਰਕਾਰ ਦੀ ਤਰਫੋਂ ਆਪਣੇ ਕੰਮ ਦਾ ਖੁਲਾਸਾ ਕਰਨ ਦੀ ਲੋੜ ਹੁੰਦੀ ਹੈ। ਸਰਵੇਖਣ ਵਿਚ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਲੋਕਾਂ ਨੂੰ ਸਜ਼ਾ ਦੇਣ ਦਾ ਸਮਰਥਨ ਕੀਤਾ ਜਿਹੜੇ ਕੈਨੇਡਾ ਵਿਚ ਦਖਲਅੰਦਾਜ਼ੀ ਕਰਦੇ ਹਨ। 86 ਫ਼ੀਸਦੀ ਲੋਕਾਂ ਨੇ ਕਿਹਾ ਕਿ ਜਿਹੜਾ ਵੀ ਵਿਦੇਸ਼ੀ ਦਖਲਅੰਦਾਜ਼ੀ ਲਈ ਕਸੂਰਵਾਰ ਪਾਇਆ ਜਾਂਦਾ ਹੈ ਉਸ ਲਈ ਅਪਰਾਧਿਕ ਦੋਸ਼ ਅਤੇ ਜੇਲ੍ਹ ਵਿਚ ਕੈਦ ਸਭ ਤੋਂ ਢੁਕਵੀਂ ਸਜ਼ਾ ਹੈ। ਕੈਨੇਡਾ ਵਿਚ ਵਿਦੇਸ਼ੀ ਦਖਲਅੰਦਾਜ਼ੀ ਲਈ ਵਿਸ਼ੇਸ਼ ਕ੍ਰਿਮੀਨਲ ਕੋਡ ਅਫੈਂਸਜ਼ ਮੌਜੂਦ ਨਹੀਂ ਉਂਜ ਫੈਡਰਲ ਸਰਕਾਰ ਨੇ ਇਸ ਸਾਲ ਦੇ ਅਖੀਰ ਵਿਚ ਉਨ੍ਹਾਂ ਲੋਕਾਂ ਲਈ ਵਿਦੇਸ਼ੀ ਏਜੰਟ ਰਜਿਸਟਰੀ ਕਾਇਮ ਕਰਨ ਲਈ ਬਿੱਲ ਲਿਆਉਣ ਦਾ ਵਾਅਦਾ ਕੀਤਾ ਹੈ ਜਿਹੜੇ ਵਿਦੇਸ਼ੀ ਤਾਕਤ ਦੀ ਤਰਫੋਂ ਕੰਮ ਕਰਦੇ ਹਨ, ਪੈਸੇ ਵੰਡ ਰਹੇ ਹਨ ਅਤੇ ਉਸ ਦੀ ਤਰਫੋਂ ਲਾਬਿੰਗ ਕਰ ਰਹੇ ਹਨ। ਪੋਲਸਟਰ ਨਿਕ ਜੋਨਸ ਨੇ ਕਿਹਾ ਕਿ ਉਨ੍ਹਾਂ ਦਾ ਸਰਵੇਖਣ ਦਰਸਾਉਂਦਾ ਹੈ ਕਿ ਸਰਕਾਰ ਕੋਲ ਵਿਦੇਸ਼ੀ ਦਖਲਅੰਦਾਜ਼ੀ ਦਾ ਮੁਕਾਬਲਾ ਕਰਨ ਲਈ ਉਪਾਅ ਕਰਨ ਵਾਸਤੇ ਮਹੱਤਵਪੂਰਣ ਆਜ਼ਾਦੀ ਹੈ।

# ਅਮਰੀਕਾ ਤੋਂ ਬਾਅਦ ਸਭ ਤੋਂ ਵੱਧ ਸਾਊਦੀ ਅਰਬ ਨੂੰ ਬਰਾਮਦ ਕੀਤੇ ਜਾ ਰਹੇ ਹਨ ਕੈਨੇਡੀਅਨ ਹਥਿਆਰ

ਓਟਵਾ-ਸਾਊਦੀ ਅਰਬ ਜਿਸ ਨੇ ਪਿਛਲੇ ਮਹੀਨੇ ਮਾਨਵੀ ਹੱਕਾਂ ਬਾਰੇ ਕਾਰਕੁਨਾਂ ਨੂੰ ਲੈ ਕੇ ਪੰਜ ਸਾਲ ਤਕ ਚੱਲੇ ਕੂਟਨੀਤਕ ਵਿਗਾੜ ਪਿੱਛੋਂ ਕੈਨੇਡਾ ਨਾਲ ਸੁਲ੍ਹਾ ਕੀਤੀ ਹੈ ਅਮਰੀਕਾ ਪਿੱਛੋਂ ਕੈਨੇਡਾ ਵਿਚ ਬਣੇ ਸੈਨਿਕ ਸਾਜੋ ਸਮਾਨ ਦਾ ਸਭ ਤੋਂ ਮਹੱਤਵਪੂਰਣ ਗਾਹਕ ਬਣਿਆਂ ਹੋਇਆ ਹੈ। ਵਿਸ਼ਵ ਮਾਮਲਿਆਂ ਬਾਰੇ ਓਟਵਾ ਦੇ ਵਿਭਾਗ ਨੇ 31 ਮਈ ਨੂੰ ਜਾਰੀ ਰਿਪੋਰਟ ਵਿਚ ਕਿਹਾ ਕਿ ਸਾਊਦੀ ਅਰਬ ਰੱਖਿਆ ਸਾਜੋ ਸਮਾਨ ਵਿਚ ਇਕ ਵਾਰ ਫਿਰ ਚੋਟੀ ਦਾ ਗੈਰ-ਅਮਰੀਕੀ ਬਾਜ਼ਾਰ ਬਣ ਗਿਆ ਅਤੇ ਇਸ ਨੇ ਕੈਨੇਡਾ ਤੋਂ 1.15 ਅਰਬ ਡਾਲਰ ਦੇ ਹਥਿਆਰ ਪ੍ਰਾਪਤ ਕੀਤੇ ਸਨ। 2022 ਵਿਚ ਸਾਊਦੀ ਅਰਬ ਸੁਰੱਖਿਆ ਮਾਮਲੇ ਵਿਚ ਕੈਨੇਡਾ ਦਾ ਵਿਦੇਸ਼ੀ ਗਾਹਕ ਦੇ ਆਧਾਰ ਦਾ ਮੁੱਖ ਹਿੱਸਾ ਰਿਹਾ ਹੈ। ਕੈਨੇਡਾ ਵਲੋਂ ਗੈਰ-ਅਮਰੀਕੀ ਮੁਲਕ ਤੋਂ ਬਿਨ੍ਹਾਂ ਬਰਾਮਦ ਕੀਤੇ ਹਥਿਆਰਾਂ ਵਿਚ ਸਾਊਦੀ ਅਰਬ ਦਾ ਹਿੱਸਾ 54 ਫ਼ੀਸਦੀ ਰਿਹਾ। ਬਰਾਮਦ ਦੀ ਕੀਮਤ ਦੇ ਹਿਸਾਬ ਨਾਲ ਕੈਨੇਡਾ ਦੇ ਹਥਿਆਰਾਂ ਦਾ ਅਗਲਾ ਸਭ ਤੋਂ ਵੱਡਾ ਖਰੀਦਦਾਰ ਜਰਮਨੀ ਰਿਹਾ ਜਿਸ ਨੇ 221 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਕੀਮਤ ਦੇ ਹਥਿਆਰ ਖਰੀਦੇ।

# ਵਿਰੋਧੀ ਧਿਰਾਂ ਦੇ ਆਗੂ 'ਇਕੋ ਥਾਲੀ ਦੇ ਚੱਟੇ-ਵੱਟੇ-ਮਾਨ

ਚੰਡੀਗੜ੍ਹ-ਅਜੀਤ ਅਖ਼ਬਾਰ ਦੇ ਮੁੱਖ ਸੰਪਾਦਕ ਡਾ.ਬਰਜਿੰਦਰ ਸਿੰਘ ਹਮਦਰਦ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕਰਨ ਲਈ ਲੰਘੇ ਦਿਨੀਂ ਜਲੰਧਰ ਵਿੱਚ ਇਕੱਤਰ ਹੋਏ ਵੱਖ ਵੱਖ ਵਿਰੋਧੀ ਪਾਰਟੀਆਂ ਦੇ ਆਗੂਆਂ ਦੇ ਹਵਾਲੇ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਟਵੀਟ ਰਾਹੀਂ ਇਨ੍ਹਾਂ ਸਾਰਿਆਂ ਨੂੰ 'ਇਕੋ ਥਾਲੀ ਦੇ ਚੱਟੇ-ਬੱਟੇ' ਕਰਾਰ ਦਿੱਤਾ ਹੈ। ਮਾਨ ਨੇ ਟਵੀਟ ਵਿੱਚ ਹਾਲਾਂਕਿ ਕਿਸੇ ਵੀ ਆਗੂ ਦਾ ਸਿੱਧਾ ਨਾਮ ਨਹੀਂ ਲਿਆ। ਉਨ੍ਹਾਂ ਟਵੀਟ ਕੀਤਾ, "ਜਦੋਂ...ਜਨਰਲ ਡਾਇਰਾਂ ਨੂੰ ਰੋਟੀਆਂ ਖਵਾਉਣ ਵਾਲੇ, ਧਾਰਮਿਕ ਅਸਥਾਨਾਂ 'ਤੇ ਟੈਂਕ ਚੜ੍ਹਾਉਣ ਵਾਲੇ, ਗੁਰੂ ਸਾਹਿਬ ਜੀ ਦੀਆਂ ਬੇਅਦਬੀਆਂ ਕਰਾਉਣ ਵਾਲੇ, ਦੇਸ਼ ਨੂੰ ਧਰਮ ਦੇ ਨਾਮ 'ਤੇ ਲੜਾਉਣ ਵਾਲੇ, ਕਿਸਾਨ ਵਿਰੋਧੀ ਕਾਨੂੰਨ ਬਣਾਉਣ ਵਾਲੇ ਸਮਗਲਰਾਂ ਨੂੰ ਗੱਡੀਆਂ 'ਚ ਬਿਠਾਉਣ ਵਾਲੇ, ਗੱਲ ਗੱਲ 'ਤੇ ਤਾਲ੍ਹੀ ਠੁਕਵਾਉਣ ਵਾਲੇ, ਸ਼ਹੀਦਾਂ ਦੀਆਂ ਯਾਦਗਾਰਾਂ 'ਚੋਂ ਪੈਸੇ ਕਮਾਉਣ ਵਾਲੇ ਸਾਰੇ 'ਕੱਠੇ ਹੋਵਣ ਤਾਂ ਇਹਨੂੰ ਕਹਿੰਦੇ ਆ "ਇੱਕੋ ਥਾਲ੍ਹੀ ਦੇ ਚੱਟੇ-ਵੱਟੇ"। ਚੇਤੇ ਰਹੇ ਕਿ ਪੰਜਾਬ ਵਿਜੀਲੈਂਸ ਨੇ ਜੰਗ-ਏ-ਆਜ਼ਾਦੀ ਯਾਦਗਾਰ 'ਤੇ ਖਰਚ ਫੰਡਾਂ ਦੀ ਜਾਂਚ ਲਈ ਪਿਛਲੇ ਹਫ਼ਤੇ ਡਾ.ਬਰਜਿੰਦਰ ਸਿੰਘ ਹਮਦਰਦ ਨੂੰ ਸੰਮਨ ਕੀਤਾ ਸੀ। ਸੂਬਾ ਸਰਕਾਰ ਦੇ ਇਸ ਫੈਸਲੇ ਦੀ ਨਿਖੇਧੀ ਕਰਨ ਲਈ ਵੱਖ ਵੱਖ ਪਾਰਟੀਆਂ ਦੇ ਆਗੂ ਵੀਰਵਾਰ ਨੂੰ ਜਲੰਧਤ ਵਿੱਚ ਇਕੱਤਰ ਹੋਏ ਸਨ। ਇਸੇ ਦੌਰਾਨ ਪੰਜਾਬ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਵੀ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਿਆ ਤੇ ਦੋਸ਼ ਲਾਇਆ ਕਿ ਉਹ ਦਿੱਲੀ ਦੇ ਇਸ਼ਾਰਿਆਂ 'ਤੇ ਕੰਮ ਕਰਦੇ ਹਨ।



# ਨਿਆਗਰਾ ਫਾਲ ਵਿਚ ਡੁਬਕੇ ਮਰੀ ਕੁੜੀ ਨੇ ਖੁਦਕੁਸ਼ੀ ਕੀਤੀ-ਪੁਲਿਸ ਵਲੋਂ ਖੁਲਾਸਾ

ਟੋਰਾਂਟੋ-ਪਿਛਲੇ ਦਿਨੀਂ ਨਿਆਗਰਾ ਫਾਲਜ਼ 'ਚ ਡੁੱਬ ਕੇ ਮਰੀ ਪੰਜਾਬ ਤੋਂ ਪੜ੍ਹਾਈ ਵੀਜ਼ੇ 'ਤੇ ਪਿਛਲੇ ਸਾਲ ਕੈਨੇਡਾ ਆਈ ਜਲੰਧਰ ਜ਼ਿਲ੍ਹੇ ਦੇ ਮਲਸੀਆਂ ਨੇੜਲੇ ਪਿੰਡ ਘੁਦੋਵਾਲ ਦੀ ਪੂਨਮਦੀਪ ਕੌਰ (21) ਬਾਰੇ ਨਿਆਗਰਾ ਪੁਲੀਸ ਨੇ ਜਾਂਚ ਤੋਂ ਬਾਅਦ ਖੁਲਾਸਾ ਕੀਤਾ ਕਿ ਉਹ ਤਿਲਕ ਕੇ ਨਹੀਂ ਡਿੱਗੀ ਸਗੋਂ ਉਸ ਨੇ ਖੁਦਕੁਸ਼ੀ ਦੇ ਇਰਾਦੇ ਨਾਲ ਨਿਆਗਰਾ ਫਾਲਜ਼ ਤੋਂ ਛਾਲ ਮਾਰੀ ਸੀ। ਪੁਲੀਸ ਨੇ ਕਿਹਾ ਕਿ ਉਸ ਦੀ ਭਾਲ ਅਜੇ ਜਾਰੀ ਹੈ। ਪੁਲੀਸ ਅਨੁਸਾਰ ਕੈਨੇਡਾ ਆਈ ਲੜਕੀ ਆਪਣੇ ਦੋਸਤ ਜਾਂ ਸਹੇਲੀ ਨਾਲ ਨਿਆਗਰਾ ਆਈ ਸੀ। ਪੁਲੀਸ ਨੇ ਦੱਸਿਆ ਕਿ ਬੇਸ਼ੱਕ ਪਹਿਲੀ ਨਜ਼ਰੇ ਸਮਝਿਆ ਗਿਆ ਸੀ ਕਿ ਉਹ ਪੈਰ ਫਿਸਲ ਕੇ ਦਰਿਆ 'ਚ ਡਿੱਗੀ ਪਰ ਜਾਂਚ ਦੌਰਾਨ ਪਤਾ ਲੱਗਿਆ ਕਿ ਕੁੜੀ ਨੇ ਖੁਦ ਉੱਥੇ ਛਾਲ ਮਾਰ ਸੀ ਅਤੇ ਪਾਣੀ ਦੇ ਤੇਜ਼ ਵਹਾਅ 'ਚ ਰੁੜ੍ਹ ਗਈ।

## ਸਿੱਧੂ-ਮਜੀਠੀਆ ਦੀ ਜੱਫੀ 'ਤੇ ਬਿੱਟੂ ਨੇ ਚੁੱਕੇ ਸਵਾਲ

ਲੁਧਿਆਣਾ-ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀ ਸਰਬ ਪਾਰਟੀ ਮੀਟਿੰਗ 'ਚ ਜੱਫੀ 'ਤੇ ਸਿਆਸਤ ਗਰਮਾ ਗਈ ਹੈ। ਇਸ ਨੂੰ ਲੈ ਕੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ 6 ਸਾਲ ਤੋਂ ਨਵਜੋਤ ਸਿੰਘ ਸਿੱਧੂ ਨੇ ਰੈਲੀਆਂ ਕਰਕੇ ਸਿਰਫ਼ ਇਕ ਹੀ ਗੱਲ ਕਹੀ ਸੀ ਕਿ ਨਸ਼ਾ ਤਸਕਰ ਮਜੀਠੀਆ ਨੇ ਪੰਜਾਬ ਦੀ ਜਵਾਨੀ ਖਤਮ ਕੀਤੀ ਹੈ। ਉਨ੍ਹਾਂ ਕਿਹਾ ਕਿ ਆਮ ਜ਼ਿੰਦਗੀ 'ਚ ਮਿਲਣਾ, ਹੱਥ ਮਿਲਾਉਣਾ ਵੱਖਰੀ ਗੱਲ ਹੈ ਪਰ ਸਿੱਧੂ ਦੇ ਮਜੀਠੀਆ ਪ੍ਰਤੀ ਰਵੱਈਏ ਤੋਂ ਕਾਂਗਰਸ ਵਰਕਰ ਪ੍ਰੇਸ਼ਾਨ ਹੋ ਗਏ ਹਨ। ਦੋ ਦਿਨ ਪਹਿਲਾਂ ਮਜੀਠੀਆ ਨੂੰ ਜੱਫੀ ਪਾਉਣ ਤੋਂ ਬਾਅਦ ਸਿੱਧੂ ਨੇ ਕਿਹਾ ਸੀ ਕਿ ਉਨ੍ਹਾਂ ਦੇ ਆਪਸੀ ਮੱਤਭੇਦ ਵਿਚਾਰਧਾਰਕ ਤੇ ਪਾਰਟੀ ਅਨੁਸਾਰ ਹਨ ਜੋ ਅੱਗੇ ਵੀ ਰਹਿਣਗੇ।










# ਅੰਕੜਿਆਂ ਦੇ ਆਧਾਰ ’ਤੇ ਹੋਣੇ ਚਾਹੀਦੇ ਹਨ ਭਾਸ਼ਾ ਸਬੰਧੀ .ਫੈਸਲੇ

**ਪ੍ਰੋ. ਕੁਲਬੀਰ ਸਿੰਘ**

ਵਿਕਸਤ ਮੁਲਕਾਂ ਵਿਚ ਭਾਸ਼ਾ ਸਬੰਧੀ ਕੋਈ ਵੀ ਫ਼ੈਸਲੇ ਤੱਥਾਂ ਅੰਕੜਿਆਂ ’ਤੇ ਆਧਾਰਿਤ ਹੁੰਦੇ ਹਨ। ਕਿਹੜੀ ਲਾਇਬਰੇਰੀ ਵਿਚ ਕਿਹੜੀ ਭਾਸ਼ਾ ਦੀਆਂ ਕਿੰਨੀਆਂ ਕਿਤਾਬਾਂ ਉਪਲਬਧ ਹੋਣਗੀਆਂ ਇਹ ਮੰਗ ’ਤੇ ਨਿਰਭਰ ਕਰਦਾ ਹੈ। ਕੈਨੇਡਾ ਦੀਆਂ ਲਾਇਬਰੇਰੀਆਂ ਵਿਚ ਪੰਜਾਬੀ ਦੀਆਂ ਕਿਤਾਬਾਂ ਇਸ ਲਈ ਰੱਖੀਆਂ ਜਾਂਦੀਆਂ ਹਨ ਕਿਉਂ ਕਿ ਪੰਜਾਬੀ ਪੜ੍ਹਨ ਵਾਲੇ ਪਾਠਕ ਉਨ੍ਹਾਂ ਦੀ ਮੰਗ ਕਰਦੇ ਹਨ। ਜਿਸ ਇਲਾਕੇ ਵਿਚ, ਜਿਸ ਸ਼ਹਿਰ ਵਿਚ ਪੰਜਾਬੀਆਂ ਦੀ ਜਿੰਨੀ ਵਸੋਂ ਹੋਵੇਗੀ ਉਸ ਅਨੁਪਾਤ ਅਨੁਸਾਰ ਪੁਸਤਕਾਂ ਮੰਗਵਾਈਆਂ ਜਾਣਗੀਆਂ। ਬੋਰਡ ਪੰਜਾਬੀ ਵਿਚ ਲਿਖੇ ਜਾਣਗੇ। ਬੱਚਿਆਂ ਲਈ ਪੰਜਾਬੀ ਪੜ੍ਹਨ ਦਾ ਪ੍ਰਬੰਧ ਕੀਤਾ ਜਾਵੇਗਾ। ਕਿਸੇ ਨੂੰ ਕਹਿਣ ਦੀ ਲੋੜ ਨਹੀਂ, ਕਿਸੇ ਨੂੰ ਸਮਝਾਉਣ ਦੀ ਜ਼ਰੂਰਤ ਨਹੀਂ। ਕੈਨੇਡਾ ਵਿਚ ਅਕਸਰ ਦੁਨੀਆ ਭਰ ਦੀਆਂ ਭਾਸ਼ਾਵਾਂ ਦਾ ਇਸ ਪੱਖੋਂ ਦਰਜਾ ਉਪਰ ਹੇਠਾਂ ਹੁੰਦਾ ਰਹਿੰਦਾ ਹੈ। ਦਰਜਾ ਉਪਰ ਹੋਣ ਨਾਲ ਸਬੰਧਤ ਵਰਗ ਨੂੰ ਖ਼ੁਸ਼ੀ ਹੁੰਦੀ ਹੈ। ਦਰਜਾ ਘੱਟਣ ਨਾਲ ਮਾਯੂਸੀ। ਪਰੰਤੂ ਰੋਸ ਕੋਈ ਨਹੀਂ ਹੁੰਦਾ ਕਿਉਂ ਕਿ ਸੱਭ ਅਦਲ ਬਦਲ ਅੰਕੜਿਆਂ ਦੇ ਆਧਾਰ ’ਤੇ ਹੋ ਰਿਹਾ ਹੁੰਦਾ ਹੈ। ਇਹੀ ਸਥਿਤੀ ਸਰਕਾਰੀ ਰੇਡੀਓ ਟੈਲੀਵਿਜ਼ਨ ਤੋਂ ਵੱਖ ਵੱਖ ਭਾਸ਼ਾਵਾਂ ਦੇ ਪ੍ਰੋਗਰਾਮਾਂ ਅਤੇ ਖ਼ਬਰ ਬੁਲਿਟਨਾਂ ਦੇ ਪ੍ਰਸਾਰਨ ਦੀ ਹੁੰਦੀ ਹੈ। ਕਮਿਊਨਿਟੀ ਰੇਡੀਓ ਤੋਂ ਵੱਖ ਵੱਖ ਭਾਸ਼ਾਵਾਂ ਦੇ ਸਰੋਤਿਆਂ ਦੀ ਗਿਣਤੀ ਦੇ ਹਿਸਾਬ ਨਾਲ ਪ੍ਰੋਗਰਾਮਾਂ ਲਈ ਸਮਾਂ ਨਿਸ਼ਚਤ ਕੀਤਾ ਜਾਂਦਾ ਹੈ। ਪੰਜਾਬ ਦੀ ਵਸੋਂ ਦਾ ਅਤੇ ਭਾਸ਼ਾਈ ਨਕਸ਼ਾ ਦਿਨੋ ਦਿਨ ਬਦਲ ਰਿਹਾ ਹੈ। ਇਸ ਪਿੱਛੇ ਪਰਵਾਸ ਅਤੇ ਪ੍ਰਸਥਾਨ ਦਾ ਰੁਝਾਨ ਕਾਰਜਸ਼ੀਲ ਹੈ। ਇਥੇ ਬੜਾ ਕੁਝ ਬਦਲ ਰਿਹਾ ਹੈ, ਬੜਾ ਕੁਝ ਬਦਲੇਗਾ। ਜਿਸ ਵਿਚ ਪੰਜਾਬ ਤੋਂ ਪਰਵਾਸ ਅਤੇ ਪੰਜਾਬ ਵੱਲ ਪਰਵਾਸ ਦੀ ਪ੍ਰਮੁੱਖ ਭੂਮਿਕਾ ਰਹੇਗੀ। ਕਿਤੇ ਪੰਜਾਬੀ ਖ਼ਬਰਾਂ ਬੰਦ ਹੋ ਰਹੀਆਂ ਹਨ, ਕਿਤੇ ਪੰਜਾਬੀ ਵਿਸ਼ਾ ਬੰਦ ਹੋ ਰਿਹਾ ਹੈ। ਪੰਜਾਬੀ ਲੋਕ ਆਪਣੀ ਭਾਸ਼ਾ, ਆਪਣੀ ਬੋਲੀ ਪ੍ਰਤੀ ਹਮੇਸ਼ਾ ਅਵੇਸਲੇ ਰਹੇ ਹਨ। ਇਨ੍ਹਾਂ ਦੀ ਬਿਰਤੀ ਬਦਲਾਅ ਵਾਲੀ, ਤਬਦੀਲੀ ਵਾਲੀ,ਪਰਵਾਸ ਵਾਲੀ, ਪ੍ਰਸਥਾਨ ਵਾਲੀ ਰਹੀ ਹੈ। ਇਹ ਤੇਜ਼ੀ ਨਾਲ ਆਪਣਾ ਥਾਂ-ਟਿਕਾਣਾ, ਆਪਣਾ ਰਹਿਣ-ਸਹਿਣ ਬਦਲਣ ਦੇ ਆਦੀ ਰਹੇ ਹਨ। ਸਕੂਲਾਂ, ਕਾਲਜਾਂ, ਪਿੰਡਾਂ ਵਿਚ ਜਾ ਕੇ ਸਥਿਤੀ ਦਾ ਜਾਇਜ਼ਾ ਲਓ, ਸਰਵੇ ਕਰੋ, ਅੰਕੜੇ ਇਕੱਤਰ ਕਰੋ, ਤੁਹਾਨੂੰ ਤਸਵੀਰ ਸਪਸ਼ਟ ਹੋ ਜਾਵਗੀ। ਦਿੱਲੀ, ਚੰਡੀਗੜ੍ਹ ਤੋਂ ਪੰਜਾਬੀ ਖ਼ਬਰਾਂ ਬੰਦ ਕਰਨ ਦੀ ਕਾਫ਼ੀ ਚਰਚਾ ਹੋ ਰਹੀ ਹੈ। ਮਹਿਕਮੇ ਦਾ ਕਹਿਣਾ ਹੈ ਕਿ ਇਹ ਰੁਟੀਨ ਦਾ ਅਦਲ ਬਦਲ ਹੈ। ਕੁਝ ਸਟਾਫ਼ ਨੂੰ ਚੰਡੀਗੜ੍ਹ ਤੋਂ ਜਲੰਧਰ ਤਬਦੀਲ ਕੀਤਾ ਜਾ ਰਿਹਾ ਹੈ। ਕੁਝ ਤਬਦੀਲੀਆਂ ਹਰਿਆਣੇ ਵਿਚ ਕੀਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚੋਂ ਪੰਜਾਬੀ ਵਿਸ਼ੇ ਨਾਲ ਸਬੰਧਤ ਖ਼ਬਰਾਂ ਆ ਰਹੀਆਂ ਹਨ। ਅਜਿਹੇ ਫ਼ੈਸਲੇ ਅੰਕੜਿਆਂ ਦੇ ਆਧਾਰ ’ਤੇ ਕਰ ਲਏ ਜਾਣ ਤਾਂ ਨਾ ਕਿਸੇ ਨੂੰ ਇਤਰਾਜ਼ ਹੋਵੇਗਾ, ਨਾ ਪ੍ਰੇਸ਼ਾਨੀ। ਚੰਡੀਗੜ੍ਹ ਅਤੇ ਦਿੱਲੀ ਵਿਚ ਅਤੇ ਨਾਲ ਲੱਗਦੇ ਇਲਾਕਿਆਂ ਵਿਚ ਪੰਜਾਬੀ ਖ਼ਬਰਾਂ ਸੁਣਨ ਵਾਲੇ ਸਰੋਤਿਆਂ ਦੀ ਗਿਣਤੀ ਕਿੰਨੀ ਹੈ, ਉਸ ਆਧਾਰ ’ਤੇ ਅੰਤਮ ਫ਼ੈਸਲਾ ਕਰ ਲਿਆ ਜਾਵੇ। ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਇਸ ਨਾਲ ਸਬੰਧਤ ਕਾਲਜਾਂ ਵਿਚ ਪੰਜਾਬੀ ਵਿਸ਼ਾ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਦੀ ਗਿਣਤੀ ਦੇ ਮੱਦੇ-ਨਜ਼ਰ ਫ਼ੈਸਲਾ ਲੈਣ ਦੀ ਲੋੜ ਹੈ। ਇਤਰਾਜ਼ ਉਦੋਂ ਹੁੰਦਾ ਹੈ ਜਦੋਂ ਅਜਿਹੇ ਫ਼ੈਸਲੇ ਜਾਣਬੁਝ ਕੇ ਲਏ ਜਾਂਦੇ ਹਨ। ਅੰਕੜੇ ਬੋਲਣ ਚਾਹੀਦੇ ਹਨ। ਅਜਿਹੇ ਫ਼ੈਸਲੇ ਪਾਰਦਰਸ਼ੀ ਢੰਗ ਨਾਲ ਲਏ ਜਾਣ ਤਾਂ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਮੈਨੂੰ ਯਾਦ ਹੈ ਇਕ ਵਾਰ ਇਕ ਕਾਲਜ ਵਿਚ ਹਿਸਾਬ ਵਿਸ਼ੇ ਦੇ ਵਿਦਿਆਰਥੀ ਨਾ ਰਹੇ। ਜਦ ਵਿਦਿਆਰਥੀ ਨਾ ਰਹੇ ਤਾਂ ਉਸ ਵਿਸ਼ੇ ਦੇ ਪ੍ਰੋਫੈਸਰ ਦੀ ਲੋੜ ਵੀ ਨਾ ਰਹੀ। ਉਸਨੂੰ ਤੁਰੰਤ ਦੂਸਰੇ ਸ਼ਹਿਰ ਦੇ ਕਾਲਜ ਵਿਖੇ ਭੇਜ ਦਿੱਤਾ ਗਿਆ ਜਿੱਥੇ ਹਿਸਾਬ ਵਿਸ਼ੇ ਦੇ ਕਾਫ਼ੀ ਵਿਦਿਆਰਥੀ ਸਨ। ਮੇਰੀ ਜਾਣਕਾਰੀ ਅਨੁਸਾਰ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਨਾਲ ਸਬੰਧਤ ਕਾਲਜਾਂ ਵਿਚ ਪੰਜਾਬੀ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਹੈ। ਸ਼ਾਇਦ ਇਸੇ ਲਈ ਯੂਨੀਵਰਸਿਟੀ ਨੂੰ ਆਪਣਾ ਫ਼ੈਸਲਾ ਤੁਰੰਤ ਬਦਲਣਾ ਪਿਆ ਹੈ। ਇਸੇ ਤਰ੍ਹਾਂ ਅਜੇ ਦਿੱਲੀ ਅਤੇ ਚੰਡੀਗੜ੍ਹ ਵਿਚ ਪੰਜਾਬੀ ਬੋਲਣ, ਸੁਣਨ ਵਾਲੇ ਲੋਕ ਵੱਡੀ ਗਿਣਤੀ ਵਿਚ ਹਨ। ਲੋੜ ਹੋਵੇ ਤਾਂ ਸਬੰਧਤ ਮਹਿਕਮੇ ਸਰਵੇ ਕਰਵਾ ਸਕਦੇ ਹਨ ਅਤੇ ਉਸ ਅਨੁਸਾਰ ਬੁਲਿਟਨ ਜਾਰੀ ਰੱਖਣ ਜਾਂ ਬੰਦ ਕਰਨ ਦਾ ਫ਼ੈਸਲਾ ਲੈ ਸਕਦੇ ਹਨ। ਚੰਡੀਗੜ੍ਹ ਵਿਖੇ 55 ਸਾਲ ਤੋਂ ਅਤੇ ਦਿੱਲੀ ਵਿਖੇ 70 ਸਾਲ ਤੋਂ ਪੰਜਾਬੀ ਯੂਨਿਟ ਕਾਰਜਸ਼ੀਲ ਸਨ। ਹੁਣ ਇਨ੍ਹਾਂ ਨੂੰ ਜਲੰਧਰ ਸ਼ਿਫਟ ਕਰ ਦਿੱਤਾ ਗਿਆ ਹੈ। ਪ੍ਰਸਾਰ ਭਾਰਤੀ ਵੱਲੋਂ ਸਪਸ਼ਟੀਕਰਨ ਆਇਆ ਹੈ ਕਿ ਬਾਵਜੂਦ ਇਸਦੇ ਸਾਰੇ ਪੰਜਾਬੀ ਖ਼ਬਰ ਬੁਲਿਟਨ, ਤਿੰਨ ਕੌਮੀ ਬੁਲਿਟਨ ਦਿੱਲੀ ਤੋਂ ਅਤੇ ਦੋ ਖ਼ੇਤਰੀ ਬੁਲਿਟਨ ਚੰਡੀਗੜ੍ਹ ਤੋਂ ਪਹਿਲਾਂ ਵਾਂਗ ਜਾਰੀ ਰਹਿਣਗੇ।



ਭਾਰਤ ਵਿਚ ਆਕਾਸ਼ਵਾਣੀ ਦੀ ਕਾਰਗੁਜਾਰੀ ਦਾ ਮਾਣਮੱਤਾ ਇਤਿਹਾਸ ਹੈ। ਬੀਤੇ 50 ਸਾਲਾਂ ਦੌਰਾਨ ਅਨੇਕਾਂ ਉਤਰਾਅ ਚੜ੍ਹਾਅ ਆਉਣ ਦੇ ਬਾਵਜੂਦ ਇਸਨੇ ਆਪਣੀ ਪ੍ਰਸੰਗਕਤਾ ਅਤੇ ਮਹੱਤਵ ਨੂੰ ਬਰਕਰਾਰ ਰੱਖਿਆ ਹੈ।


CANADIAN EYESIGHT GLOBAL
FREE EYE CHECK UP
ਅੱਖਾਂ ਦੀ ਜਾਂਚਅੱਖਾਂ ਦੀ ਮੁਫ਼ਤ ਜਾਂਚ
SRI GURU SINGH SABHA GURDWARA
8115 132ND STREET, SURREY BC V3W 4N5
Everyone Welcome!
ਸਾਰਿਆਂ ਦਾ ਸੁਆਗਤ ਹੈ
SUNDAY
JUNE 11, 2023
NOON-4 PM
IN HONOR OF
Late Sardar Anup Singh Jubbal,
Founder / CEO of Canadian Eyesight Global
organized by
Dr. Parmjit-Sohal, Family Physician,
Dr. David Neima, Opthalmologist & Team
Volunteers & The Gurudwara Committee
SUPPORTED BY
Rotary Club of Surrey
VOLUNTEER | DONATE | QUESTIONS
604-582-0579 info@canadianeyesight.org canadianeyesight.org



ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ
**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।
FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।
heartandstroke.ca/punjabi
Heart &Stroke™
BRITISH COLUMBIA
Supported by the Province of British Columbia
© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592





Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:





amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
“Pre-Register Your House To Sell & Save Thousands Dollars & Guaranteed Sold”
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਜਾਅਲੀ ਕਾਲਜ ਦਾਖਲਾ ਪੱਤਰ ਨੂੰ ਲੈ ਕੇ ਡਿਪੋਰਟ ਕੀਤੇ ਜਾਣ ਦਾ ਹੁਕਮ ਮਿਸਾਲ ਕਾਇਮ ਕਰ ਸਕਦਾ-ਵਕੀਲਾਂ ਦਾ ਕਹਿਣਾ

ਓਟਵਾ-ਐਡਮਿੰਟਨ ਦੀ ਇਕ ਔਰਤ ਪੰਜ ਸਾਲ ਪਹਿਲਾਂ ਦੇਸ਼ ਵਿਚ ਦਾਖਲ ਹੋਣ ਲਈ ਪ੍ਰਾਪਤ ਕੀਤਾ ਕਾਲਜ ਦਾ ਦਾਖਲਾ ਪੱਤਰ ਜਾਅਲੀ ਨਿਕਲਣ ਪਿੱਛੋਂ ਪਿਛਲੇ ਮਹੀਨੇ ਡਿਪੋਰਟ ਕੀਤੇ ਜਾਣ ਦਾ ਸਾਹਮਣਾ ਕਰ ਰਹੀ ਸੀ। ਭਾਵੇਂ 25 ਸਾਲਾ ਕਮਲਜੀਤ ਕੌਰ ਨੇ ਇਹ ਸਾਬਤ ਕਰ ਦਿੱਤਾ ਕਿ ਉਸ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਪੱਤਰ ਧੋਖਾਧੜੀ ਸੀ ਤਾਂ ਵੀ ਇਮੀਗ੍ਰੇਸ਼ਨ ਐਂਡ ਰਿਫਊਜ਼ੀ ਬੋਰਡ ਆਫ ਕੈਨੇਡਾ ਨੇ ਫ਼ੈਸਲਾ ਕੀਤਾ ਸੀ ਕਿ ਉਸ ਨੂੰ 29 ਮਈ ਤਕ ਡਿਪੋਰਟ ਕੀਤੇ ਜਾਵੇ। ਇਸ ਫ਼ੈਸਲੇ ਦਾ ਕੈਨੇਡਾ ਵਿਚ ਦੂਸਰੇ ਸੈਂਕੜੇ ਵਿਦਿਆਰਥੀਆਂ 'ਤੇ ਪ੍ਰਭਾਵ ਪੈਣ ਦੀ ਸੰਭਾਵਨਾ ਹੈ ਜਿਨ੍ਹਾਂ ਨੂੰ ਭਾਰਤ ਵਿਚ ਉਸੇ ਸਿੱਖਿਆ ਏਜੰਟ ਤੋਂ ਉਸੇ ਤਰ੍ਹਾਂ ਦੇ ਜਾਅਲੀ ਦਾਖਲਾ ਪੱਤਰ ਮਿਲੇ ਸਨ। ਕੈਨੇਡੀਅਨ ਪ੍ਰੈਸ ਨਾਲ ਗੱਲਬਾਤ ਕਰਦਿਆਂ ਵਕੀਲਾਂ ਤੇ ਕਾਰਕੁਨਾਂ ਨੇ ਕਿਹਾ ਕਿ ਇਹ ਸਥਿਤੀ ਬਾਰਡਰ ਐਂਡ ਇਮੀਗ੍ਰੇਸ਼ਨ ਅਥਾਰਟੀਜ਼ ਦੀ ਜਵਾਬਦੇਹੀ ਦੀ ਘਾਟ ਦਾ ਪ੍ਰਗਟਾਵਾ ਕਰਦੀ ਹੈ। ਕੌਰ ਦੇ ਪੇਂਡੂ ਗਰੀਬ ਪਰਿਵਾਰ ਨੇ ਆਪਣੀ ਜ਼ਿੰਦਗੀ ਦੀਆਂ ਬੱਚਤਾਂ ਖਰਚ ਕੀਤੀਆਂ ਤਾਂ ਜੋ ਉਹ ਵਿਦੇਸ਼ ਵਿਚ ਪੜ੍ਹ ਕੇ ਕੰਮ ਕਰ ਸਕੇ। ਉਹ ਹੁਣ ਐਡਮਿੰਟਨ ਵਿਚ ਕੰਪਨੀ ਲਈ ਸੁਪਰਵਾਈਜ਼ਰ ਵਜੋਂ ਕੰਮ ਕਰਦੀ ਹੈ। ਉਹ ਕੈਨੇਡੀਅਨ ਨਾਗਰਿਕ ਨਾਲ ਵਿਆਹੀ ਹੋਈ ਹੈ ਅਤੇ ਨਵੰਬਰ ਤਕ ਉਸ ਨੂੰ ਵਰਕ ਪਰਮਿਟ ਮਿਲਿਆ ਹੈ ਅਤੇ ਉਹ ਪੀਆਰ ਲੈਣ ਦੇ ਰਸਤੇ 'ਤੇ ਹੈ। ਨੰਦਾ ਐਂਡ ਕੰਪਨੀ ਲਾਅ ਫਰਮ ਜਿਹੜੀ ਕੌਰ ਦੇ ਮਾਮਲੇ ਦੀ ਪੈਰਵੀ ਕਰ ਰਹੀ ਹੈ ਦੀ ਅਵਨੀਸ਼ ਨੰਦਾ ਦਾ ਕਹਿਣਾ ਕਿ ਉਹ ਉਸ ਕਿਸਮ ਦਾ ਵਿਅਕਤੀ ਹੈ ਜੋ ਕੈਨੇਡਾ ਚਾਹੁੰਦਾ ਹੈ। ਕੌਰ ਦੀ ਪੀਆਰ ਲਈ ਅਰਜ਼ੀ ਦੇ ਆਖਰੀ ਪੜਾਅ ਦੌਰਾਨ 2021 ਵਿਚ ਕੈਨੇਡਾ ਬਾਰਡਰ ਸਰਵਿਸ ਏਜੰਸੀ ਨੇ ਉਸ ਨੂੰ ਦੱਸਿਆ ਕਿ ਟੋਰਾਂਟੋ ਸੇਨੇਕਾ ਕਾਲਜ ਦਾ ਦਾਖਲਾ ਪੱਤਰ ਜਿਹੜਾ ਉਸ ਨੇ ਵਿਦਿਆਰਥੀ ਵੀਜ਼ਾ ਲੈਣ ਲਈ ਪ੍ਰਾਪਤ ਕੀਤਾ ਸੀ ਉਹ ਜਾਅਲੀ ਸੀ। ਕੌਰ ਨੇ ਦੱਸਿਆ ਕਿ ਕੈਨੇਡਾ ਪਹੁੰਚਣ ਪਿੱਛੋਂ ਭਾਰਤ ਵਿਚ ਏਜੰਟ ਨੇ ਕੇਵਲ ਉਸ ਨੂੰ ਇਹੀ ਦੱਸਿਆ ਕਿ ਸੇਨੇਕਾ ਕਾਲਜ ਵਿਚ ਹੁਣ ਸੀਟ ਉਪਲਬਧ ਨਹੀਂ। ਆਖਰਕਾਰ ਕੌਰ ਐਡਮਿੰਟਨ ਵਿਚ ਨੌਰਕੁਏਸਟ ਕਾਲਜ ਚਲੀ ਗਈ ਜਿਥੋਂ ਉਸ ਨੇ 2020 ਵਿਚ ਬਿਜਨਸ ਐਂਡ ਐਡਮਨਿਸਟਰੇਸ਼ਨ ਮੈਨੇਜਮੈਂਟ ਪ੍ਰੋਗਰਾਮ ਵਿਚ ਗਰੈਜੂਏਸ਼ਨ ਕੀਤੀ ਸੀ। ਕੈਨੇਡੀਅਨ ਪ੍ਰੈਸ ਨਾਲ ਇਕ ਮੁਲਾਕਾਤ ਵਿਚ ਕੌਰ ਨੇ ਦੱਸਿਆ ਕਿ ਅਸੀਂ ਸੋਚਿਆ ਕਿ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਕਿਰਿਆ ਬਹੁਤ ਸਖਤ ਹੈ ਅਤੇ ਉਨ੍ਹਾਂ ਨੇ ਹਰ ਚੀਜ਼ ਦੀ ਤਸਦੀਕ ਕਰਕੇ ਉਨ੍ਹਾਂ ਨੂੰ ਵੀਜ਼ਾ ਦੇ ਰਹੇ ਹਨ। ਉਸ ਨੂੰ ਸੱਚਮੁੱਚ ਝਟਕਾ ਲੱਗਾ ਹੈ। ਉਹ ਇਥੇ ਪੰਜ ਸਾਲਾਂ ਤੋਂ ਰਹਿ ਰਹੀ ਹੈ ਅਤੇ ਕੈਨੇਡਾ ਹੁਣ ਮੇਰਾ ਦੇਸ਼ ਹੈ। ਨੰਦਾ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ ਵਿਚ ਇਮੀਗ੍ਰੇਸ਼ਨ ਅਧਿਕਾਰੀਆਂ ਦਾ ਮੰਨਣਾ ਸੀ ਕਿ ਕੌਰ ਦਾ ਕਾਲਜ ਦਾਖਲਾ ਪੱਤਰ ਜਾਇਜ਼ ਸੀ। ਉਨ੍ਹਾਂ ਵਿਦਿਆਰਥੀਆਂ ਜਿਹੜੇ ਕੈਨੇਡਾ ਤੋਂ ਕੱਢੇ ਜਾਣ ਦਾ ਸਾਹਮਣਾ ਕਰ ਰਹੇ ਹਨ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੇ ਵਿਅਕਤੀਆਂ ਦਾ ਕਹਿਣਾ ਕਿ ਉਸੇ ਸਿੱਖਿਆ ਏਜੰਟ ਨੇ ਕੈਨੇਡੀਅਨ ਪੋਸਟ ਸੈਕੰਡਰੀ ਸਕੂਲਾਂ ਲਈ 700 ਵਿਦਿਆਰਥੀਆਂ ਨੂੰ ਜਾਅਲੀ ਦਾਖਲਾ ਪੱਤਰ ਦਿੱਤੇ ਸਨ। ਇਹ ਏਜੰਟ ਭਾਰਤ ਵਿਚ ਹੁਣ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਕੈਨੇਡਾ ਬਾਰਡਰ ਸਰਵਸਿਜ਼ ਏਜੰਸੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਇਮੀਗ੍ਰੇਸ਼ਨ ਐਂਡ ਰਿਫਊਜ਼ੀ ਪ੍ਰੋਟੈਕਸ਼ਨ ਐਕਟ ਦੇ ਕਈ ਮਾਮਲਿਆਂ ਦੀ ਜਾਂਚ ਕਰ ਰਹੀ ਹੈ ਜਿਸ ਵਿਚ ਸਟੱਡੀ ਪਰਮਿਟ ਦੇ ਮਾਮਲੇ ਵੀ ਸ਼ਾਮਿਲ ਹਨ। ਬਾਰਡਰ ਏਜੰਸੀ ਨੇ ਜਾਂਚ ਦਾ ਹਵਾਲਾ ਦਿੰਦਿਆਂ ਹੋਰ ਵੇਰਵੇ ਮੁਹੱਈਆ ਨਹੀਂ ਕੀਤੇ ਅਤੇ ਕਿਹਾ ਕਿ ਉਹ ਵਿਸ਼ੇਸ਼ ਮਾਮਲਿਆਂ 'ਤੇ ਟਿੱਪਣੀ ਨਹੀਂ ਕਰਦਾ। ਜਨਵਰੀ 2023 ਵਿਚ ਫੈਡਰਲ ਕੋਰਟ ਦੇ ਜੱਜ ਨੇ ਇਮੀਗ੍ਰੇਸ਼ਨ ਬੋਰਡ ਦੇ ਡਿਪੋਰਟ ਕੀਤੇ ਜਾਣ ਦੇ ਹੁਕਮ ਦੀ ਨਿਆਇਕ ਸਮੀਖਿਆ ਕਰਨ ਲਈ ਕੌਰ ਵਲੋਂ ਕੀਤੀ ਬੇਨਤੀ ਨੂੰ ਰੱਦ ਕਰ ਦਿੱਤਾ ਸੀ। ਜੱਜ ਨੇ ਪਾਇਆ ਕਿ ਕੌਰ ਨੇ ਸੱਚਮੁੱਚ ਇਹ ਵਿਸ਼ਵਾਸ਼ ਕੀਤਾ ਸੀ ਕਿ ਉਸ ਨੂੰ ਸੇਨੇਕਾ ਕਾਲਜ ਨੇ ਸਵੀਕਾਰ ਕਰ ਲਿਆ ਪਰ ਕਿਹਾ ਕਿ ਕੌਰ ਨੇ ਆਪਣੇ ਦਾਖਲੇ ਦੀ ਤਸਦੀਕ ਲਈ ਕਦੇ ਵੀ ਕਾਰਵਾਈ ਨਹੀਂ ਕੀਤੀ ਅਤੇ ਕਦੇ ਵੀ ਇਹ ਪੁੱਛਗਿੱਛ ਕਰਨ ਲਈ ਯੂਨੀਵਰਸਿਟੀ ਨਾਲ ਸੰਪਰਕ ਨਹੀਂ ਕੀਤਾ ਕਿ ਉਸ ਦੀ ਕਥਿਤ ਸਵੀਕ੍ਰਿਤੀ ਵਾਪਸ ਕਿਉਂ ਲਈ ਗਈ ਹੈ। ਨੰਦਾ ਨੇ ਕਿਹਾ ਕਿ ਕੌਰ ਦੇ ਡਿਪੋਰਟ ਕੀਤੇ ਜਾਣ ਦੇ ਹੁਕਮ ਨੇ ਮਾਮਲਿਆਂ ਦੀ ਸੁਣਵਾਈ ਦੇ ਨਤੀਜਿਆਂ ਦੀ ਉਡੀਕ ਕਰ ਰਹੇ ਦੂਸਰੇ ਵਿਦਿਆਰਥੀਆਂ ਲਈ ਇਕ ਸਥਾਪਤ ਕਾਨੂੰਨੀ ਮਿਸਾਲ ਕਾਇਮ ਕਰ ਦਿੱਤੀ ਹੈ। ਕੌਰ ਨੇ ਕੈਨੇਡਾ ਵਿਚ ਮਾਨਵੀ ਤੇ ਤਰਸ ਦੇ ਆਧਾਰ 'ਤੇ ਸਪਾਂਸਰਸ਼ਿਪ ਰਾਹੀਂ ਕੈਨੇਡਾ ਵਿਚ ਪੀਆਰ ਅਪਲਾਈ ਕੀਤੀ ਹੋਈ ਹੈ। ਕੌਰ ਤੇ ਦਰਜਨਾਂ ਦੂਸਰੇ ਵਿਅਕਤੀਆਂ ਨੇ ਤਿੰਨ ਮਈ ਨੂੰ ਟੋਰਾਂਟੋ ਵਿਚ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਰਕੋ ਮੈਂਡੀਸਿਨੋ ਦੇ ਹਲਕਾ ਦਫ਼ਤਰ ਦੇ ਬਾਹਰ ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਪਹਿਲਾਂ ਉਨ੍ਹਾਂ ਦੀ ਜਾਅਲੀ ਪੱਤਰਾਂ ਨੂੰ ਸਵੀਕਾਰ ਕਰਨ ਲਈ ਉਨ੍ਹਾਂ 'ਤੇ ਜ਼ਿੰਮੇਵਾਰੀ ਪਾਉਣ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ।



## ਸੈਂਕੜੇ ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ ਕੀਤੇ ਜਾਣ ਦਾ ਸਾਹਮਣਾ...

ਸਫ਼ਾ 1 ਦੀ ਬਾਕੀ

ਉਹੇ ਇਮੀਗ੍ਰੇਸ਼ਨ ਐਂਡ ਰਿਫਊਜ਼ੀ ਪ੍ਰੋਟੈਕਸ਼ਨ ਐਕਟ ਦੀ ਉਲੰਘਣਾ ਕਰ ਰਹੇ ਹਨ ਅਤੇ ਖ਼ਤਰੇ ਨੂੰ ਕੈਨੇਡਾ ਤੋਂ ਦੂਰ ਕੀਤਾ ਜਾ ਰਿਹਾ ਹੈ। ਵੈਨਕੂਵਰ ਏਰੀਆ ਐਨਡੀਪੀ ਐਮਪੀ ਜੇਨ ਕਵਾਨ ਦਾ ਕਹਿਣਾ ਕਿ ਕੈਨੇਡਾ ਨੂੰ ਪ੍ਰਵਾਸੀ ਕਾਮਿਆਂ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਡਿਪੋਰਟ ਕਰਨਾ ਅਣਮਨੁੱਖੀ ਕਾਰਵਾਈ ਹੋਵੇਗੀ। ਉਧੋਰ ਇਮੀਗਰੇਸ਼ਨ, ਰਿਫਊਜ਼ੀ ਅਤੇ ਸਿਟੀਜ਼ਨਸ਼ਿਪ ਬਾਰੇ ਮੰਤਰੀ ਸੀਨ ਫਰੇਜ਼ਰ ਨੇ ਕਿਹਾ ਕਿ ਧੋਖਾਧੜੀ ਦੇ ਸ਼ਿਕਾਰ ਵਿਅਕਤੀਆਂ ਨੂੰ ਆਪਣੀ ਸਥਿਤੀ ਦੀ ਜਾਣਕਾਰੀ ਦੇਣ ਅਤੇ ਆਪਣੇ ਮਾਮਲੇ ਦੇ ਸਮਰਥਨ ਵਿਚ ਸਬੂਤ ਪੇਸ਼ ਕਰਨ ਦਾ ਮੌਕਾ ਮਿਲੇਗਾ।

## ਪੰਜਾਬੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਡਿਪੋਰਟੇਸ਼ਨ ਨੂੰ ਰੋਕਿਆ ਜਾਵੇ-ਪੋਲੀਵਰੇ

ਓਟਵਾ-ਕੰਸਰਵੇਟਿਵ ਨੇਤਾ ਪਿਅਰੇ ਪੋਲੀਵਰੇ ਨੇ ਪਾਰਲੀਮੈਂਟ ਵਿਚ ਮੰਗ ਕੀਤੀ ਕਿ ਪੰਜਾਬੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਡਿਪੋਰਟ ਕੀਤੇ ਜਾਣ ਤੋਂ ਰੋਕਿਆ ਜਾਵੇ ਜਿਹੜੇ ਧੋਖੇਬਾਜ਼ੀ ਕਨਸਲਟੈਂਟਾਂ ਦੇ ਸ਼ਿਕਾਰ ਹੋਏ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਜਾਅਲੀ ਦਾਖਲਾ ਪੱਤਰ ਮੁਹੱਈਆ ਕੀਤੇ ਸਨ।



ਉਨ੍ਹਾਂ ਨੁਕਤਾ ਉਠਾਇਆ ਕਿ ਉਨ੍ਹਾਂ ਨੇ ਇਥੇ ਆ ਕੇ ਕਾਨੂੰਨ ਦੀ ਪਾਲਣਾ ਕਰਦਿਆਂ ਪੜ੍ਹਾਈ ਕੀਤੀ ਹੈ। ਉਨ੍ਹਾਂ ਵਿਚੋਂ ਬਹੁਤਿਆਂ ਨੇ ਆਪਣਾ ਪ੍ਰੋਗਰਾਮ ਮੁਕੰਮਲ ਕਰ ਲਿਆ ਹੈ ਅਤੇ ਇਹ ਅਯੋਗ ਲਿਬਰਲ ਸਰਕਾਰ ਸੀ ਜਿਸ ਨੇ ਸਭ ਤੋਂ ਪਹਿਲਾਂ ਪੱਤਰਾਂ ਨੂੰ ਸਵੀਕਾਰ ਕੀਤਾ ਸੀ। ਹੁਣ ਇਹ ਸਰਕਾਰ ਉਨ੍ਹਾਂ ਨੂੰ ਦੇਸ਼ ਵਿਚੋਂ ਬਾਹਰ ਕੱਢ ਰਹੀ ਹੈ, ਉਨ੍ਹਾਂ ਦੇ ਪਰਿਵਾਰਾਂ ਨੂੰ ਗਰੀਬੀ ਤੇ ਦੀਵਾਲੀਪਨ ਦੇ ਘਰ ਭੇਜ ਰਹੀ ਹੈ। ਪੋਲੀਵਰੇ ਨੇ ਪੁੱਛਿਆ ਕਿ ਸਰਕਾਰ ਥੋੜੀ ਜਿਹੀ ਵੀ ਆਮ ਸਮਝ ਤੇ ਹਮਦਰਦੀ ਦਿਖਾਉਂਦੀ ਹੋਈ ਆਪਣੀ ਅਯੋਗਤਾ ਨੂੰ ਉਲਟਾਉਂਦੇ ਹੋਏ ਉਨ੍ਹਾਂ ਨੂੰ ਪੀਆਰ ਲਈ ਅਪਲਾਈ ਕਰਨ ਦੀ ਇਜਾਜ਼ਤ ਕਿਉਂ ਨਹੀਂ ਦਿੰਦੀ ਜਿਹੜੇ ਨੇਕਨੀਅਤ ਨਾਲ ਇਥੇ ਆਏ ਅਤੇ ਸਾਡੀ ਆਰਥਿਕਤਾ ਵਿਚ ਯੋਗਦਾਨ ਪਾ ਰਹੇ ਹਨ।

## ਸਿੱਖ ਭਾਈਚਾਰੇ ਦੇ ਇਤਰਾਜ ਉਪਰੰਤ ਪਟਨਾ ਦੇ ਅੰਬੂਜਾ ਮਾਲ 'ਚੋਂ ਦਸਮ ਪਾਤਸ਼ਾਹ ਦਾ ਬੁੱਤ ਹਟਾਇਆ

ਅੰਮ੍ਰਿਤਸਰ-ਪਟਨਾ ਸਾਹਿਬ ਦੇ ਅੰਬੂਜਾ ਮਾਲ ਵਿੱਚ ਲਾਇਆ ਗੁਰੂ ਗੋਬਿੰਦ ਸਿੰਘ ਦਾ ਬੁੱਤ ਸਿੱਖ ਭਾਈਚਾਰੇ ਦੇ ਵਿਰੋਧ ਮਗਰੋਂ ਹਟਾ ਗਿਆ ਹੈ। ਇਸ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਇੱਥੇ ਕਿਹਾ ਕਿ ਪਟਨਾ ਸਾਹਿਬ ਵਿੱਚ ਅੰਬੂਜਾ ਮਾਲ 'ਚ ਗੁਰੂ ਗੋਬਿੰਦ ਸਿੰਘ ਦਾ ਬੁੱਤ ਲਗਾਉਣ ਦੀ ਕਾਰਵਾਈ ਸਿੱਖ ਸਿਧਾਂਤਾਂ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਕਿ ਸਿੱਖੀ ਅੰਦਰ ਬੁੱਤਪ੍ਰਸਤੀ ਦੀ ਕੋਈ ਥਾਂ ਨਹੀਂ ਹੈ। ਗੁਰੂ ਸਾਹਿਬ ਦੇ ਬੁੱਤ ਦੀ ਪੇਸ਼ਕਾਰੀ ਕਰ ਕੇ ਸਿੱਖ ਮਾਨਸਿਕਤਾ ਨੂੰ ਸੱਟ ਮਾਰੀ ਗਈ ਹੈ। ਉਨ੍ਹਾਂ ਪਟਨਾ ਸਾਹਿਬ ਵਿੱਚ ਗੁਰੂ ਸਾਹਿਬ ਦੇ ਬੁੱਤ ਲਗਾਉਣ ਦੀ ਨਿਖੇਧੀ ਕਰਦਿਆਂ ਆਖਿਆ ਕਿ ਇਸ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਇਸ ਸਬੰਧੀ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਪੜਤਾਲ ਕਰ ਕੇ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਭੇਜਣ ਲਈ ਕਿਹਾ ਹੈ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

ਅਲਬਰਟਾ ਚੋਣਾਂ....

# ਡੈਨੀਅਲ ਸਮਿਥ ਦੇ ਅਲਬਰਟਾ ਪਿਆਰ ਨੂੰ ਲੋਕ ਹੁੰਗਾਰਾ...

**ਸੁਖਵਿੰਦਰ ਸਿੰਘ ਚੋਹਲਾ**

ਅਲਬਰਟਾ ਵਿਧਾਨ ਸਭਾ ਦੀਆਂ 29 ਮਈ ਨੂੰ ਪਈਆਂ ਵੋਟਾਂ ਦੇ ਨਤੀਜੇ ਉਸੇ ਰਾਤ 11 ਵਜੇ ਤੱਕ ਲੋਕਾਂ ਦੇ ਸਾਹਮਣੇ ਸਨ। ਪ੍ਰੀਮੀਅਰ ਡੈਨੀਅਲ ਸਮਿਥ ਦੀ ਅਗਵਾਈ ਹੇਠ ਯੂ ਸੀ ਪੀ ਨੇ ਸੂਬੇ ਵਿਚ ਮੁੜ ਸਰਕਾਰ ਬਣਾਉਣ ਵਿਚ ਸਫਲਤਾ ਹਾਸਲ ਕਰ ਲਈ ਹੈ ਭਾਵੇਂਕਿ ਮੁੱਖ ਵਿਰੋਧੀ ਧਿਰ ਐਨ ਡੀ ਪੀ (ਨਿਊ ਡੈਮੋਕਰੇਟਿਕ ਪਾਰਟੀ) ਨੇ ਸਖਤ ਟੱਕਰ ਦਿੱਤੀ । ਪ੍ਰਾਪਤ ਨਤੀਜਿਆਂ ਵਿੱਚ ਕੁਲ 62 ਫੀਸਦੀ ਪੋਲ ਹੋਈਆਂ ਵੋਟਾਂ ਚੋ ਯੂ ਸੀ ਪੀ ਨੇ 49 ਸੀਟਾਂ ਜਿੱਤਕੇ 52.59 ਫੀਸਦ ਵੋਟ ਅਤੇ ਐਨ ਡੀ ਪੀ ਨੇ 38 ਸੀਟਾਂ ਜਿੱਤਕੇ 44.02 ਫੀਸਦ ਵੋਟ ਹਾਸਲ ਕੀਤੇ ਹਨ।

ਜਿਵੇਂ ਕਿ ਕਿਆਸ ਕੀਤਾ ਜਾ ਰਿਹਾ ਸੀ ਡੈਨੀਅਲ ਸਮਿਥ ਦੀ ਅਗਵਾਈ ਹੇਠ ਯੂ ਸੀ ਪੀ ਪੂਰਨ ਬਹੁਮਤ ਲਿਜਾਣ ਵਿਚ ਸਫਲ ਰਹੀ ਭਾਵੇਂਕਿ ਇਸ ਬਹੁਮਤ ਨੇ ਅਲਬਰਟਾ ਦਾ ਸ਼ਹਿਰੀ ਤੇ ਪੇਂਡੂ ਪਾੜਾ ਹੋਰ ਵਧਾ ਦਿੱਤਾ। ਸਾਬਕਾ ਪ੍ਰੀਮੀਅਰ ਰੇਚਲ ਨੋਟਲੀ ਦੀ ਅਗਵਾਈ ਹੇਠ ਐਨ ਡੀ ਪੀ ਇਕ ਮਜ਼ਬੂਤ ਵਿਰੋਧੀ ਧਿਰ ਵਜੋਂ ਐਡਮਿੰਟਨ ਦੀਆਂ ਸਾਰੀਆਂ 20 ਸੀਟਾਂ ਤੇ ਹੂੰਝਾ ਫੇਰ ਗਈ ਤੇ ਨਾਲ ਹੀ ਕੰਸਰਵੇਟਿਵ ਦਾ ਮਜ਼ਬੂਤ ਕਿਲਾ ਸਮਝੇ ਜਾਂਦੇ ਕੈਲਗਰੀ ਸ਼ਹਿਰ ਚੋ ਵੀ 12 ਸੀਟਾਂ ਲਿਜਾਕੇ ਕੰਸਰਵੇਟਿਵ ਦਾ ਭਰਮ ਤੋੜ ਦਿੱਤਾ। ਯੂ ਸੀ ਪੀ ਪਿਛਲੀ ਜੇਸਨ ਕੈਨੀ ਦੀ ਸਰਕਾਰ ਦੀਆਂ 63 ਸੀਟਾਂ ਤੋਂ 14 ਸੀਟਾਂ ਘੱਟ 49 ਸੀਟਾਂ ਨਾਲ ਸਰਕਾਰ ਬਣਾਉਣ ਵਿਚ ਕਾਮਯਾਬ ਤਾਂ ਰਹੀ ਪਰ ਉਸਦੀਆਂ ਇਹ ਸੀਟਾਂ ਅਲਬਰਟਾ ਦੇ ਪੇਂਡੂ ਇਲਾਕੇ ਦੇ ਵੱਡੇ ਸਮਰਥਨ ਕਰਕੇ ਹਨ। ਐਡਮਿੰਟਨ ਸ਼ਹਿਰ ਵਿਚ ਯੂ ਸੀ ਪੀ ਆਪਣਾ ਖਾਤਾ ਨਹੀ ਖੋਹਲ ਸਕੀ ਜਦੋਂਕਿ ਕੈਲਗਰੀ ਸ਼ਹਿਰ ਦੇ ਨਾਰਥ ਈਸਟ ਇਲਾਕੇ ਜਿਥੇ ਪੰਜਾਬੀਆਂ ਤੇ ਇਮੀਗਰਾਂਟ ਭਾਈਚਾਰੇ ਦੀ ਪ੍ਰਭਾਵਸ਼ਾਲੀ ਵਸੋਂ ਆਬਾਦ ਹੈ ਦੀਆਂ ਤਿੰਨੇ ਸੀਟਾਂ ਵੀ ਐਨ ਡੀ ਪੀ ਦੇ ਖਾਤੇ ਗਈਆਂ ਹਨ। ਕੈਲਗਰੀ ਅਕੈਡੀਆ ਦੀ ਸੀਟ ਤੋਂ ਐਨ ਡੀ ਪੀ ਉਮੀਦਵਾਰ ਡਾਇਨਾ ਬੈਟਨ ਨੇ ਯੂ ਸੀ ਪੀ ਉਮੀਦਵਾਰ ਤੇ ਸਾਬਕਾ ਮੰਤਰੀ ਟਾਈਲਰ ਸੌਂਡਰ ਨੂੰ ਕੇਵਲ 7 ਵੋਟਾਂ ਨਾਲ ਹਰਾਇਆ ਹੈ। ਇਸੇ ਤਰਾਂ ਕੈਲਗਰੀ ਗਲੈਨਮੋਰ ਦੀ ਸੀਟ ਐਨ ਡੀ ਪੀ ਨੇ ਕੇਵਲ 30 ਵੋਟਾਂ ਦੇ ਫਰਕ ਨਾਲ ਜਿੱਤੀ ਹੈ। ਇਹਨਾਂ ਦੋਵਾਂ ਸੀਟਾਂ ਦੀ ਦੁਬਾਰਾ ਗਿਣਤੀ ਹੋਣੀ ਤੈਅ ਹੈ। ਦੋ ਹੋਰ ਸੀਟਾਂ ਕੈਲਗਰੀ ਨਾਰਥ ਵੈਸਟ ਤੋਂ ਯੂ ਸੀ ਪੀ ਉਮੀਦਵਾਰ ਰਾਜਨ ਸਾਹਨੀ ਨੇ ਕੇਵਲ 149 ਵੋਟਾਂ ਨਾਲ ਸੀਟ ਜਿੱਤੀ ਹੈ ਤੇ ਐਨ ਡੀ ਪੀ ਉਮੀਦਵਾਰ ਰਾਜੇਸ਼ ਅੰਗੁਰਾਲ ਨੇ ਕੈਲਗਰੀ ਨਾਰਥ ਸੀਟ ਕੇਵਲ 113 ਵੋਟਾਂ ਨਾਲ ਹਾਰੀ ਹੈ। ਇਹਨਾਂ ਸੀਟਾਂ ਉਪਰ ਦੋਬਾਰਾ ਗਿਣਤੀ ਕਰਵਾਏ ਜਾਣ ਦੀ ਹਾਲਤ ਵਿਚ ਨਤੀਜੇ ਬਦਲਣ ਵਾਲੇ ਨਹੀ ਹਨ। ਕਿਉਂਕਿ ਬਹੁਮਤ ਲਈ 44 ਸੀਟਾਂ ਦਾ ਜਾਦੂਈ ਅੰਕੜਾ ਯੂ ਸੀ ਪੀ ਦੇ ਪੱਖ ਵਿਚ ਹੈ।

ਇਸ ਜਾਦੂਈ ਅੰਕੜੇ ਦੇ ਯੂਸੀਪੀ ਦੇ ਹੱਕ ਵਿਚ ਜਾਣ ਲਈ ਕਿਹਾ ਜਾ ਸਕਦਾ ਹੈ ਕਿ ਕਿਸਮਤ ਯੂ ਸੀਪੀ ਆਗੂ ਡੈਨੀਅਲ ਸਮਿਥ ਦੇ ਪੱਖ ਵਿਚ ਰਹੀ । ਸਾਲ 2012 ਵਿਚ ਅਲਬਰਟਾ ਵਿਚ ਵਾਈਲਡਰੋਜ਼ ਪਾਰਟੀ ਦੀ ਲਹਿਰ ਨਾਲ 19 ਸੀਟਾਂ ਲਿਜਾਕੇ ਆਪਣੀ ਲੀਡਰਸ਼ਿਪ ਦਾ ਕ੍ਰਿਸ਼ਮਾ ਵਿਖਾਉਣ ਵਾਲੀ ਡੈਨੀਅਲ ਸਮਿਥ ਨੇ ਕੁਝ ਸਮੇਂ ਬਾਦ ਆਪਣੀ ਪਾਰਟੀ ਨੂੰ ਪੀ ਸੀ ਪਾਰਟੀ ਵਿਚ ਸ਼ਾਮਿਲ ਕਰਕੇ ਵੱਡੀ ਇਤਿਹਾਸਕ ਗਲਤੀ ਕੀਤੀ ਸੀ। ਉਸਦੀ ਇਸ ਗਲਤੀ ਦੀ ਸਜਾ ਵਜੋਂ ਲੋਕਾਂ ਨੇ ਉਸਨੂੰ ਪੀ ਸੀ ਦੀ



ਨੌਮੀਨੇਸ਼ਨ ਚੋਣ ਵਿਚ ਵੀ ਹਰਾ ਦਿੱਤਾ ਸੀ। ਕੁਝ ਸਮੇਂ ਲਈ ਅਲਬਰਟਾ ਦੇ ਸਿਆਸੀ ਦ੍ਰਿਸ਼ ਤੋਂ ਅਲੋਪ ਹੋਈ ਡੈਨੀਅਲ ਸਮਿਥ ਦੀ ਕਿਸਮਤ ਉਸ ਵੇਲੇ ਮੁੜ ਚਮਕੀ ਜਦੋਂ ਤਤਕਾਲੀ ਪ੍ਰੀਮੀਅਰ ਜੇਸਨ ਕੈਨੀ ਨੇ ਲੀਡਰਸ਼ਿਪ ਰੀਵਿਊ ਵੋਟ ਵਿਚ ਆਪਣੀ ਲੋਕਪ੍ਰਿਯਤਾ ਗਵਾਉਣ ਉਪਰੰਤ ਅਸਤੀਫਾ ਦੇ ਦਿੱਤਾ। ਪਿਛਲੇ ਸਾਲ ਅਕਤੂਬਰ ਵਿਚ ਹੋਈ ਯੂ ਸੀ ਪੀ ਦੀ ਲੀਡਰਸ਼ਿਪ ਚੋਣ ਵਿਚ ਡੈਨੀਅਲ ਸਮਿਥ ਨੇ ਬੜੇ ਸੰਕੋਚਵੇ ਹਾਲਾਤ ਵਿਚ ਲੀਡਰਸ਼ਿਪ ਰੇਸ ਵਿਚ ਛਾਲ ਮਾਰੀ ਸੀ। ਉਹ ਥੋੜੀ ਡਰੀ ਡਰੀ ਲੱਗਦੀ ਸੀ ਪਰ ਸੂਬੇ ਦੇ ਕੋਨੇ ਕੋਨੇ ਵਿਚ ਪਾਰਟੀ ਮੈਂਬਰਾਂ ਤੱਕ ਪਹੁੰਚ ਕਰਕੇ ਤੇ ਆਪਣਾ ਵਿਸ਼ਵਾਸ ਬਹਾਲ ਕਰਦਿਆਂ ਉਹ ਲੀਡਰਸ਼ਿਪ ਚੋਣ ਜਿੱਤਣ ਵਿਚ ਸਫਲ ਰਹੀ। ਇਸ ਲੀਡਰਸ਼ਿਪ ਚੋਣ ਦੌਰਾਨ ਪੰਜਾਬੀ ਤੇ ਪਰਵਾਸੀ ਭਾਈਚਾਰੇ ਨੇ ਵੀ ਉਸਦਾ ਵਧ ਚੜਕੇ ਸਾਥ ਦਿੱਤਾ। ਉਸਦੇ ਵਾਈਲਡਰੋਜ਼ ਪਾਰਟੀ ਵੇਲੇ ਦੇ ਸਾਥੀ ਕੈਲਗਰੀ ਦੇ ਪੰਜਾਬੀ ਆਗੂ ਹਰਦਿਆਲ ਸਿੰਘ ਹੈਪੀ ਮਾਨ ਦੀ ਸਰਗਰਮੀ ਜਿਕਰਯੋਗ ਰਹੀ। ਡੈਨੀਅਲ ਸਮਿਥ ਨੇ ਯੂ ਸੀ ਪੀ ਦੀ ਲੀਡਰਸ਼ਿਪ ਚੋਣ ਜਿੱਤ ਲਈ ਪਰ ਉਸ ਲਈ ਸਭ ਤੋਂ ਵੱਡੀ ਚੁਣੌਤੀ ਆਮ ਚੋਣਾਂ ਵਿਚ ਪਾਰਟੀ ਨੂੰ ਜਿੱਤ ਦਿਵਾਉਣਾ ਸੀ। ਪਾਰਟੀ ਲੀਡਰ ਵਜੋਂ ਪ੍ਰੀਮੀਅਰ ਬਣਨ ਦੇ ਨਾਲ ਹੀ ਉਸਦੇ ਨਾਲ ਕਈ ਵਿਵਾਦ ਵੀ ਪੈਦਾ ਹੋ ਗਏ। ਉਸਦੀ ਸਾਫਗੋਈ ਤੇ ਅਲਬਰਟਾ ਦੇ ਹਿੱਤਾਂ ਪ੍ਰਤੀ ਸਪੱਸ਼ਟਤਾ ਨੇ ਜਿਥੇ ਕੰਸਰਵੇਟਿਵ ਕੇਡਰ ਵਿਚ ਉਸਦੀ ਸ਼ਾਖ ਵਧਾਈ ਉਥੇ ਵਿਰੋਧੀਆਂ ਦੇ ਨਿਸ਼ਾਨ ਤੇ ਵੀ ਆਈ। ਸਭ ਤੋਂ ਪਹਿਲਾਂ ਕੋਵਿਡ ਦੌਰਾਨ ਫੈਡਰਲ ਸਰਕਾਰ ਦੀ ਕੋਵਿਡ ਲਾਕਡਾਊਨ ਨੀਤੀ ਦਾ ਵਿਰੋਧ, ਅਲਬਰਟਾ ਦੀ ਖੁਦਮੁਖਤਾਰੀ ਅਤੇ ਤੇਲ-ਗੈਸ ਤੇ ਕੁਦਰਤੀ ਸਾਧਨਾਂ ਦੀ ਰੱਖਿਆ ਲਈ ਫੈਡਰਲ ਸਰਕਾਰ ਨੂੰ ਵੰਗਾਰਨਾ ਜਿਥੇ ਉਸਦੀ ਮਜ਼ਬੂਤ ਆਗੂ ਵਜੋਂ ਪਛਾਣ ਨੂੰ ਉਭਾਰਨ ਵਿਚ ਸਹਾਈ ਹੋਇਆ ਉਥੇ ਸਿਹਤ ਸਹੂਲਤਾਂ ਤੇ ਕਾਰਪੋਰੇਟ ਟੈਕਸਾਂ ਵਿਚ ਰਾਹਤ ਨੂੰ ਲੈਕੇ ਉਸਦੇ ਬਿਆਨਾਂ ਨੂੰ ਲੈਕੇ ਵੱਡੇ ਮੁੱਦੇ ਬਣਾਏ ਗਏ। ਪਰ ਉਸਦੀ ਕਾਰੋਬਾਰੀਆਂ ਨੂੰ ਟੈਕਸ ਰਾਹਤ ,ਡਰੱਗ ਅਤੇ ਗੈਂਗਜ਼ ਖਿਲਾਫ ਬਿਆਨਾਂ ਨੂੰ ਚੰਗਾ ਹੁੰਗਾਰਾ ਮਿਲਿਆ। ਇਹਨਾਂ ਚੋਣਾਂ ਵਿਚ ਉਸਦੇ ਸਿਹਤ ਸਹੂਲਤਾਂ ਨੂੰ ਲੈਕੇ ਇਕ ਪੁਰਾਣੇ ਬਿਆਨ ਨੂੰ ਲੈਕੇ ਵਿਰੋਧੀ ਧਿਰ ਐਨ ਡੀ ਪੀ ਨੇ ਅਜਿਹੀ ਇਸ਼ਤਿਹਾਰਬਾਜੀ ਕੀਤੀ ਜਿਸਤੋਂ ਅਲਬਰਟਾ ਦੇ ਇਮੀਗ੍ਰਾਂਟ ਭਾਈਚਾਰੇ ਨੂੰ ਇਹ ਲੱਗਾ ਕਿ ਅਗਰ ਯੂ ਸੀ ਪੀ ਸੱਤਾ ਵਿਚ ਪਰਤੀ ਤਾਂ ਸਿਹਤ ਸਹੂਲਤਾਂ ਦਾ ਨਿੱਜੀਕਰਣ ਤੈਅ ਹੈ। ਇਸ ਸਭ ਦੇ ਬਾਵਜੂਦ ਉਹ ਵਿਰੋਧੀ ਧਿਰ ਦੇ ਪ੍ਰਚਾਰ ਨੂੰ ਖੁੰਡਾ ਕਰਨ ਦੇ ਨਾਲ ਪੇਂਡੂ ਲੋਕਾਂ ਦਾ ਸਮਰਥਨ ਹਾਸਲ ਕਰਨ ਵਿਚ ਸਫਲ ਰਹੀ। ਚੋਣ ਮੁਹਿੰਮ ਦੀ ਸਿਖਰ ਦੌਰਾਨ ਪਾਰਟੀ ਲੀਡਰਾਂ ਦੀ ਬਹਿਸ ਵਿਚ ਉਸਨੇ ਵਿਰੋਧੀ ਆਗੂ ਦੇ ਸਾਰੇ ਇਲਜਾਮਾਂ ਨੂੰ ਦਰਕਿਨਾਰ ਕਰਦਿਆਂ ਅਲਬਰਟਾ ਪ੍ਰਤੀ ਆਪਣੀ ਸੁਹਿਰਦਤਾ ਅਤੇ ਯੋਗ ਅਗਵਾਈ ਦਾ ਪ੍ਰਭਾਵ ਜਚਾ ਦਿੱਤਾ। ਉਸਦੇ ਇਹ ਸ਼ਬਦ ਕਿ ਉਸਦੇ ਬੀਤੇ ਵਿਚ ਕੁਝ ਵੀ ਵਿਚਾਰ ਹੋ ਸਕਦੇ ਹਨ ਪਰ ਇਸ ਸਮੇਂ ਅਲਬਰਟਾ ਵਾਸੀ ਉਸਦੇ ਅਸਲ ਮਾਲਕ ਹਨ। ਹੁਣ ਉਹ ਜੋ ਵੀ ਕਰੇਗੀ ਅਲਬਰਟਾ ਵਾਸੀਆਂ ਦੇ ਹਿੱਤ ਵਿਚ ਹੀ ਕਰੇਗੀ। ਉਹ ਆਪਣੀ ਗਲਤੀਆਂ ਨੂੰ ਸੁਧਾਰੇਗੀ ਤੇ ਇਕ ਚੰਗਾ ਆਗੂ ਬਣਨ ਦੀ ਹਰ ਕੋਸ਼ਿਸ਼ ਕਰੇਗੀ। ਉਸਨੇ ਅਲਬਰਟਾ ਪ੍ਰਤੀ ਆਪਣੀ ਨੀਤ ਤੇ ਪਾਰਟੀ ਨੀਤੀਆਂ ਦਾ ਅਜਿਹਾ ਖੁਲਾਸਾ ਕੀਤਾ ਜੋ ਕੰਸਰਵੇਟਿਵ ਸੋਚ ਵਾਲੇ ਲੋਕਾਂ ਨੂੰ ਉਸ ਨਾਲ ਮੁੜ ਜੋੜਨ ਵਿਚ ਸਹਾਈ ਹੋਇਆ। ਚੋਣ ਮੁਹਿੰਮ ਦੌਰਾਨ ਇਕ ਯੂਸੀਪੀ ਉਮੀਦਵਾਰ ਵਲੋਂ ਸਮਲਿੰਗੀਆਂ ਪ੍ਰਤੀ ਵਰਤੀ ਗਈ ਇਤਰਾਜਯੋਗ ਭਾਸ਼ਾ ਦੇ ਮੁੱਦੇ ਨੂੰ ਦਬਾਉਣ ਦੀ ਬਿਜਾਏ ਉਸਨੇ ਇਸਦੀ ਨਿੰਦਾ ਕਰਦਿਆਂ ਐਲਾਨ ਕੀਤਾ ਕਿ ਅਜਿਹੀ ਸੋਚ ਵਾਲਾ ਕੋਈ ਵੀ ਪ੍ਰਤੀਨਿਧ ਯੂਸੀਪੀ ਕੌਕਸ ਦਾ ਹਿੱਸਾ ਨਹੀ ਹੋਵੇਗਾ। ਉਸਦੀ ਸਪੱਸ਼ਟਵਾਦੀ ਪਹੁੰਚ ਕਾਰਣ ਸੀਬੀਸੀ ਖਿਲਾਫ ਕੇਸ ਅਤੇ ਕੁਝ ਹੋਰ ਵਿਵਾਦ ਉਸਦੇ ਵਿਅਕਤੀਤਵ ਨੂੰ ਦਬਾਉਣ ਦੀ ਬਿਜਾਏ ਉਭਾਰਨ ਵਿਚ ਸਹਾਈ ਹੋਏ। ਚੋਣ ਮੁਹਿੰਮ ਦੇ ਆਖਰੀ ਦੌਰ ਵਿਚ ਐਨ ਡੀ ਪੀ ਵਲੋਂ ਕਾਰੋਪਰੇਟ ਟੈਕਸ ਵਧਾਉਣ ਦਾ ਬਿਆਨ ਜਿਥੇ ਘਾਟੇਵੰਦਾ ਸਾਬਿਤ ਹੋਇਆ ਉਥੇ ਉਸ ਵਲੋਂ ਕਾਰਪੋਰੇਟ ਟੈਕਸ ਘਟਾਉਣ ਦਾ ਐਲਾਨ ਅਲਬਰਟਾ ਵਿਚ ਕਾਰੋਬਾਰ ਅਤੇ ਰੋਜ਼ਗਾਰ ਦੇ ਮੌਕਿਆਂ ਨੂੰ ਵਧਾਉਣ ਦਾ ਜਾਮਨ ਬਣਦਿਆਂ ਉਸਦੇ ਸੱਤਾ ਵਿਚ ਪਰਤਣ ਵਿਚ ਸਹਿਯੋਗੀ ਰਿਹਾ।

ਇਹਨਾਂ ਚੋਣਾਂ ਵਿਚ ਭਾਵੇਂਕਿ ਪਿਛਲੀ ਕੰਸਰਵੇਟਿਵ ਸਰਕਾਰ ਨਾਲੋਂ ਉਸ ਪਾਸ ਘੱਟ ਸੀਟਾਂ ਹਨ ਪਰ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅਗਰ ਉਸਦੀ ਜਗਾਹ ਜੇਸਨ ਕੈਨੀ ਹੁੰਦੇ ਤਾਂ ਸ਼ਾਇਦ ਯੂ ਸੀ ਪੀ ਸਰਕਾਰ ਨਾ ਬਣਾ ਪਾਉਂਦੀ। ਪੇਂਡੂ ਅਲਬਰਟਾ ਦਾ ਯੂ ਸੀ ਪੀ ਵਿਚ ਵਿਸ਼ਵਾਸ ਬਹਾਲੀ ਦਾ ਕਰੈਡਿਟ ਇਸ ਸਮੇਂ ਡੈਨੀਅਲ ਸਮਿਥ ਨੂੰ ਹੈ। ਇਸ ਕਰੈਡਿਟ ਦੀ ਖੁਸ਼ੀ ਤੇ ਸ਼ੁਕਰੀਆ ਉਸਦੀ ਜੇਤੂ ਸਪੀਚ ਵਿਚ ਸਪੱਸ਼ਟ ਸੀ। ਉਸਦਾ ਇਹ ਕਹਿਣਾ ਵੱਡੇ ਅਰਥ ਰੱਖਦਾ ਹੈ ਕਿ ਉਹ ਜੋ ਵੀ ਸੀ ਜਾਂ ਹੈ ਪਰ ਅਲਬਰਟਾ ਨੂੰ ਪਿਆਰ ਕਰਦੀ ਹੈ।

## ਭਾਰਤੀ ਤੇ ਪੰਜਾਬੀ ਪਿਛੋਕੜ ਵਾਲੇ 6 ਵਿਧਾਇਕ

ਅਲਬਰਟਾ ਚੋਣਾਂ ਵਿਚ ਯੂ ਸੀ ਪੀ ਤੇ ਐਨ ਡੀ ਪੀ ਦੋਵਾਂ ਪ੍ਰਮੁੱਖ ਪਾਰਟੀਆਂ ਵਲੋਂ ਖੜੇ ਲਗਪਗ ਡੇਢ ਦਰਜਨ ਪੰਜਾਬੀ ਮੂਲ ਦੇ ਉਮੀਦਵਾਰਾਂ ਚੋ ਕੁਲ 6 ਉਮੀਦਵਾਰ ਸਫਲ ਹੋਏ ਹਨ। ਮੁੜ ਸੱਤਾ ਵਿਚ ਆਉਣ ਵਾਲੀ ਯੂ ਸੀ ਪੀ ਦੀ ਤਰਫੋਂ ਕੈਲਗਰੀ ਨਾਰਥ ਵੈਸਟ ਤੋਂ ਰਾਜਨ ਸਾਹਨੀ ਅਤੇ ਕੈਲਗਰੀ ਈਸਟ ਤੋਂ ਪੀਟਰ ਸਿੰਘ ਜੇਤੂ ਰਹੇ ਹਨ। ਕੈਲਗਰੀ ਨਾਰਥ ਈਸਟ ਤੋਂ ਐਨ ਡੀ ਪੀ ਦੀ ਤਰਫੋਂ ਗੁਰਿੰਦਰ ਬਰਾੜ ਤੇ ਕੈਲਗਰੀ ਫਾਲਕਨਰਿਜ ਤੋਂ ਪਰਮੀਤ ਸਿੰਘ ਬੋਪਾਰਾਏ ਤੇ ਐਡਮਿੰਟਨ ਮੈਡੋਜ ਤੇ ਜਸਵੀਰ ਦਿਓਲ ਤੇ ਐਡਮਿੰਟਨ ਵਾਈਟਮੱਡ ਤੋਂ ਰਾਖੀ ਪੰਚੋਲੀ ਜੇਤੂ ਰਹੇ ਹਨ। ਇਹਨਾਂ ਛੇ ਭਾਰਤੀ ਤੇ ਪੰਜਾਬੀ ਮੂਲ ਦੇ ਆਗੂਆਂ ਦੀ ਅਲਬਰਟਾ ਲੈਜਿਸਲੇਚਰ ਵਿਚ ਪ੍ਰਤੀਨਿਧਤਾ ਮਾਣ ਵਾਲੀ ਗੱਲ ਹੈ। ਵਧਾਈਆਂ ਤੇ ਸ਼ੁਭਕਾਮਨਾਵਾਂ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers,
Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਕੈਲੀਫੋਰਨੀਆ ਵਿਚ ਸਿੱਖਾਂ ਨੂੰ ਹੈਲਮਟ ਪਾਉਣ ਤੋਂ ਛੋਟ

ਅੰਮ੍ਰਿਤਸਰ-ਅਮਰੀਕਾ ਦੇ ਕੈਲੀਫੋਰਨੀਆ 'ਚ ਸਟੇਟ ਸੈਨੇਟ ਵੱਲੋਂ ਸਿੱਖਾਂ ਨੂੰ ਹੈਲਮੇਟ ਪਾਉਣ ਤੋਂ ਛੋਟ ਦੇਣ ਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਕੌਮ ਲਈ ਖ਼ੁਸ਼ੀ ਦੀ ਖ਼ਬਰ ਹੈ, ਜਿਸ ਦਾ ਹੋਰਨਾਂ ਦੇਸ਼ਾਂ ਅੰਦਰ ਵੀ ਅਸਰ ਹੋਵੇਗਾ। ਉਨ੍ਹਾਂ ਕਿਹਾ ਕਿ ਦਸਤਾਰ ਸਿੱਖ ਰਹਿਣੀ ਦਾ ਅਹਿਮ ਅੰਗ ਹੈ ਅਤੇ ਸਿੱਖ ਨੂੰ ਹੈਲਮੇਟ ਪਾਉਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕੈਲੀਫੋਰਨੀਆ ਦੀ ਸੈਨੇਟ ਦੇ ਮੈਂਬਰ ਬਰੀਅਨ ਡਾਹਲ ਵੱਲੋਂ ਸਿੱਖਾਂ ਦੀ ਆਵਾਜ਼ ਨੂੰ ਸੈਨੇਟ ਵਿਚ ਪੇਸ਼ ਕਰਨ ਲਈ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਇਹ ਬਿਲ ਅਸੈਂਬਲੀ ਵਿਚ ਜਲਦ ਪਾਸ ਹੋ ਜਾਵੇਗਾ। ਉਥੇ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ ਲਾਇਆ ਕਿ ਬੀਬੀ ਜਗੀਰ ਕੌਰ ਨੇ ਆਪਣੇ ਇਕ ਵਿਵਾਦਤ ਬਿਆਨ ਨਾਲ ਜੂਨ 1984 ਦੇ ਘੱਲੂਘਾਰੇ ਦੀ ਯਾਦ ਮਨਾ ਰਹੀ ਸੰਗਤ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਕ ਇੰਟਰਵਿਊ ਦੌਰਾਨ 'ਸ਼੍ਰੋਮਣੀ ਅਕਾਲੀ ਪੰਥ ਬੋਰਡ' ਦੇ ਮੰਚ 'ਤੇ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਨਾਲ ਸਬੰਧਤ ਵਿਅਕਤੀ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਲਈ ਮੌਕਾ ਦੇਣ ਦੀ ਗੱਲ ਕੀਤੀ ਹੈ।

# ਲਿਫਾਫੇ 'ਚੋਂ ਪ੍ਰਧਾਨ ਕੱਢਣ ਤੋਂ ਰੋਕਿਆ ਸੀ, ਮੈਨੂੰ ਹੀ ਕੱਢ ਦਿੱਤਾ: ਜਗੀਰ ਕੌਰ

ਪਾਇਲ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਅਕਾਲੀ ਪੰਥਕ ਬੋਰਡ ਦਾ ਐਲਾਨ ਕਰਨ ਤੋਂ ਬਾਅਦ ਆਪਣੇ ਸਮਰਥਕਾਂ ਨਾਲ ਮੀਟਿੰਗਾਂ ਦਾ ਦੌਰ ਤੇਜ਼ ਕਰ ਦਿੱਤਾ ਹੈ। ਬੀਬੀ ਜਗੀਰ ਕੌਰ ਅੱਜ ਪਾਇਲ ਵਿੱਚ ਇੱਕ ਸ਼ੋਕ ਸਮਾਗਮ ਵਿੱਚ ਪੁੱਜੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਇਕੋ ਇੱਕ ਮਕਸਦ ਐੱਸਜੀਪੀਸੀ ਨੂੰ ਇੱਕ ਪਾਰਟੀ ਅਤੇ ਪਰਿਵਾਰ ਤੋਂ ਮੁਕਤ ਕਰਵਾਉਣਾ ਹੈ। ਬੀਬੀ ਜਗੀਰ ਕੌਰ ਨੇ ਅਕਾਲੀ ਦਲ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਐੱਸਜੀਪੀਸੀ ਦਾ ਪ੍ਰਧਾਨ ਲਿਫਾਫੇ ਵਿਚੋਂ ਹੀ ਨਿਕਲਦਾ ਸੀ, ਜਿਸ ਨੂੰ ਲੈ ਕੇ ਕਈ ਵਾਰ ਸੁਖਬੀਰ ਸਿੰਘ ਬਾਦਲ ਕੋਲ ਇਤਰਾਜ਼ ਕੀਤਾ ਸੀ ਪਰ ਸੁਖਬੀਰ ਨੇ ਗੱਲ ਮੰਨਣ ਦੀ ਬਜਾਏ ਉਨ੍ਹਾਂ ਨੂੰ ਹੀ ਪਾਰਟੀ ਵਿਚੋਂ ਕੱਢ ਦਿੱਤਾ। ਸਿੱਖ ਕੌਮ ਅੰਦਰ ਅਕਾਲ ਤਖ਼ਤ ਸਾਹਿਬ ਦੀ ਮਾਨਤਾ ਨੂੰ ਲੈ ਕੇ ਵੀ ਬੀਬੀ ਜਗੀਰ ਕੌਰ ਨੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਜਦੋਂ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ ਅਤੇ ਪਾਰਟੀ ਹੀ ਜਥੇਦਾਰ ਦਾ ਹੁਕਮ ਨਹੀਂ ਮੰਨੇਗੀ ਤਾਂ ਆਮ ਲੋਕ ਕਿਸ ਤਰ੍ਹਾਂ ਮੰਨਣਗੇ।

# ਸਰੀ 'ਚ ਨਾਮਵਰ ਵਿਦਵਾਨ ਡਾ. ਜਗਬੀਰ ਸਿੰਘ ਦੀਆਂ ਦੋ ਨਵ-ਪ੍ਰਕਾਸ਼ਿਤ ਪੁਸਤਕਾਂ ਰਿਲੀਜ਼

ਸਰੀ (ਹਰਦਮ ਮਾਨ)-ਅੱਜ ਏਥੇ ਨਾਮਵਰ ਵਿਦਵਾਨ ਅਤੇ ਸੈਂਟਰਲ ਯੂਨੀਵਰਸਿਟੀ ਬਠਿੰਡਾ ਦੇ ਚਾਂਸਲਰ ਡਾ. ਜਗਬੀਰ ਸਿੰਘ ਦੀਆਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਨਵ-ਪ੍ਰਕਾਸ਼ਿਤ ਪੁਸਤਕਾਂ 'ਭਾਰਤੀ ਸਭਿਅਤਾ ਅਤੇ ਇਸ ਦੀਆਂ ਧਾਰਮਿਕ ਪਰੰਪਰਾਵਾਂ" ਅਤੇ ਅੰਗਰੇਜ਼ੀ ਪੁਸਤਕ ÒIndic Civilization and Its Dharma TraditionsÓ ਰਿਲੀਜ਼ ਕੀਤੀਆਂ ਗਈਆਂ। ਸਰੀ ਦੇ ਗੁਲਾਟੀ ਪਬਲਿਸ਼ਰਜ਼ ਲਿਮਟਿਡ ਬੁੱਕ ਸਟੋਰ ਵਿਚ ਇਹ ਪੁਸਤਕਾਂ ਲੋਕ ਅਰਪਣ ਕਰਨ ਸਮੇਂ ਪ੍ਰਸਿੱਧ ਸਾਹਿਤਕਾਰ ਡਾ. ਸਾਧੂ ਸਿੰਘ, ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ, ਜਰਨਲਿਸਟ ਸੁਰਿੰਦਰ ਚਾਹਲ, ਸਤੀਸ਼ ਗੁਲਾਟੀ, ਡਾ. ਇੰਦਰਜੀਤ ਸਿੰਘ ਮਾਨ, ਭੁਪਿੰਦਰ ਮੱਲ੍ਹੀ ਅਤੇ ਹਰਦਮ ਸਿੰਘ ਮਾਨ ਮੌਜੂਦ ਸਨ। ਇਸ ਮੌਕੇ ਰਿਗ ਵੇਦ, ਭਾਰਤੀ ਸਭਿਅਤਾ, ਮੁਗ਼ਲ ਕਾਲ, ਸਿੱਖ ਇਤਿਹਾਸ ਅਤੇ ਗੁਰੂਆਂ, ਭਗਤਾਂ ਬਾਰੇ ਚਾਰਚਾ ਹੋਈ ਜਿਸ ਵਿਚ ਮੁੱਖ ਤੌਰ ਤੇ ਡਾ. ਜਗਬੀਰ ਸਿੰਘ ਅਤੇ ਡਾ. ਸਾਧੂ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਪੰਜਾਬ ਅਤੇ ਕੈਨੇਡਾ ਵਿਚਲੀਆਂ ਸਾਹਿਤਕ ਸਰਗਰਮੀਆਂ ਬਾਰੇ ਵੀ ਗੱਲਬਾਤ ਹੋਈ। ਡਾ. ਸਾਧੂ ਸਿੰਘ ਅਤੇ ਡਾ. ਜਗਬੀਰ ਸਿੰਘ ਦੀਆਂ ਗੂੜ੍ਹੀ ਮਿੱਤਰਤਾ ਦੀਆਂ ਮਹਿਕ ਭਰੀਆਂ ਗੱਲਾਂ ਵੀ ਹੋਈਆਂ। ਜ਼ਿਕਰਯੋਗ ਹੈ ਕਿ ਮੱਧਕਾਲੀਨ ਪੰਜਾਬੀ ਸਾਹਿਤ, ਲੋਕਧਾਰਾ ਅਤੇ ਸਾਹਿਤਕ ਆਲੋਚਨਾ ਦੇ ਮਾਹਿਰ ਡਾ. ਜਗਬੀਰ ਸਿੰਘ 16 ਕਿਤਾਬਾਂ ਰਾਹੀਂ ਪੰਜਾਬੀ ਸਾਹਿਤ ਵਰਨਣਯੋਗ ਯੋਗਦਾਨ ਪਾ ਚੁੱਕੇ ਹਨ ਅਤੇ 100 ਤੋਂ ਵੱਧ ਰਾਸ਼ਟਰੀ / ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕਰ ਚੁੱਕੇ ਹਨ। ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਲਾਈਫ ਫੈਲੋ ਹਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਸਲਾਹਕਾਰ ਹਨ, ਇੰਡੀਅਨ ਇਸਟੀਚਿਊਟ ਆਫ਼ ਹਾਇਰ ਸਟੱਡੀਜ਼ ਸ਼ਿਮਲਾ ਦੇ ਮੈਂਬਰ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦੇ ਧਰਮ ਅਤੇ ਸਭਿਅਕ ਅਧਿਐਨ ਵਿਭਾਗ ਦੇ ਸਾਬਕਾ ਪ੍ਰੋਫੈਸਰ ਵੀ ਹਨ।



BLESS TRAVEL
Bless Travel

DUBAI TOUR
Tour Date Nov 2-6, 2023
Start From $1250
Inclusions:
*Hotel Accomodation
*Hyatt Place Dubai Al Wasl
*Daily Meals
*Transfers * Guide



9 ਦਿਨਾਂ ਦਾ ਪਾਕਿਸਤਾਨ ਗੁਰਦੁਆਰਾ ਟੂਰ



9 DAYS PAKISTAN GURUDWARA TOUR
Tour Date Nov 21-29, 2023

ਗੁਰਧਾਮਾਂ ਦੀ ਯਾਤਰਾ ਲਈ ਟੋਰਾਂਟੋ ਤੋਂ ਰਵਾਨਗੀ
**ਪਹਿਲਾ ਦਿਨ**- 10 ਵਜੇ ਸਵੇਰੇ ਵਾਗਾਹ ਬਾਰਡਰ ਤੋਂ ਪਾਕਿਸਤਾਨ ਨੂੰ ਰਵਾਨਗੀ
**ਦੂਸਰਾ ਦਿਨ**- ਗੁਰਦੁਆਰਾ ਰੋੜੀ ਸਾਹਿਬ, ਚੱਕੀ ਸਾਹਿਬ, ਲਾਲੋ ਦੇ ਖੂਹ।
**ਤਿਸਰਾ ਦਿਨ**- ਪੰਜਾ ਸਾਹਿਬ ਅਤੇ ਦੁਪਿਹਰ ਨੂੰ ਫੈਜ਼ਲ ਮਸਜ਼ਿਦ।
**ਚੋਥਾ ਦਿਨ**- ਸੱਚਾ ਸੌਦਾ ਅਤੇ ਨਨਕਾਣਾ ਸਾਹਿਬ ਤੋਂ ਬਾਅਦ ਗੁਰਦੁਆਰਾ ਖੇਰਾ ਸਾਹਿਬ, ਮਲਜੀ ਸਾਹਿਬ, ਪੰਜਮੀ ਅਤੇ ਛੇਵੀਂ ਪਾਤਸ਼ਾਹੀ ਪੱਟੀ ਸਾਹਿਬ, ਤੰਬੂ ਸਾਹਿਬ ਅਤੇ ਬਲੀਲਾ ਸਾਹਿਬ
**ਪੰਜਵਾਂ ਦਿਨ**- ਲਾਹੌਰ ਦੇ ਲੋਕਲ ਗੁਰਦੁਆਰੇ ਭਾਈ ਤਾਰੂ ਸਿੰਘ, ਜਨਮ ਸਥਾਨ ਗੁਰੂ ਅਮਰਦਾਸ ਜੀ, ਡੇਹਰਾ ਸਾਹਿਬ, ਲਾਹੌਰ ਕਿਲ੍ਹਾ।
**ਛੇਵਾਂ ਦਿਨ**- ਗੁਰਦੁਵਾਰਾ ਕਰਤਾਰਪੁਰ ਸਾਹਿਬ।
**ਸੱਤਵਾਂ ਦਿਨ**- ਪੂਰਾ ਦਿਨ ਨਨਕਾਣਾ ਸਾਹਿਬ।
**ਅੱਠਵਾਂ ਦਿਨ**- ਗੁਰਦੁਵਾਰਾ ਬੀਬੀ ਨਾਨਕੀ ਅਤੇ ਸ਼ਰਾਇਨ ਆਫ ਮੀਆਂ ਮੀਰ ਟੋਂਬ
**ਨੌਵਾਂ ਦਿਨ**- ਵਾਗਾਹ ਬਾਰਡਰ ਨੂੰ ਵਾਪਸੀ



All Inclusive Tours & Travel Packages Around The world
Flights Direct to Delhi starting from 1400



*ਫਲਾਈਟ *ਕਰੂਜ
*ਗਰੁੱਪ ਟੂਰ *ਟਰੈਵਲ ਇੰਸ਼ੋਰੈਂਸ

We are offering LOYALTY PROGRAM, whoever book with us
We offer points, which they can use for there future trips

(SERVICE IN ENGLISH, HINDI & PUNJABI)
604-503-5210
Add:#343-8140-128St, Surrey
(Payal Business centre)
For Tour Information:
Email:rav@blesstravel.ca

# 2025 ਤੱਕ ਅਮਰੀਕਾ ਸਿਰ ਕਰਜ਼ਾ 35 ਟ੍ਰੀਲੀਅਨ ਅਮਰੀਕਨ ਡਾਲਰ ਹੋ ਜਾਵੇਗਾ




ਵਾਸ਼ਿੰਗਟਨ-ਜਨਵਰੀ, 2025 ਤੱਕ ਅਮਰੀਕਾ ਸਿਰ ਕਰਜ਼ਾ 35 ਟ੍ਰੀਲੀਅਨ ਅਮਰੀਕਨ ਡਾਲਰ ਹੋ ਜਾਵੇਗਾ, ਜੋਕਿ ਹਰ ਅਮਰੀਕੀ ਉੱਪਰ 1 ਲੱਖ ਅਮਰੀਕੀ ਡਾਲਰ ਤੋਂ ਜ਼ਿਆਦਾ ਬਣਦਾ ਹੈ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਅਮਰੀਕਾ ਦੀ ਕਰਜ਼ਾ ਵਧਾਉਣ ਵਾਲੀ ਡੈਪਟ ਲਿਮਟ ਵਧਾਉਣ ਵਾਲੇ ਬਿੱਲ 'ਤੇ ਸਾਈਨ ਕਰ ਦਿੱਤੇ ਹਨ। ਯੂ. ਐਸ. ਏ. ਦੀ ਟ੍ਰੀਜ਼ਰੀ ਸੈਕਟਰੀ ਜੈਨਿਟ ਲੈਲਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਜੂਨ 5 ਤੱਕ ਇਹ ਬਿੱਲ ਸੈਨੇਟ ਨੇ ਪਾਸ ਨਾ ਕੀਤਾ ਤਾਂ ਦੇਸ਼ ਵਿਚ ਧੰਨ ਮੁਕੰਮਲ ਤੌਰ 'ਤੇ ਮੁੱਕ ਜਾਵੇਗਾ ਤੇ ਅਮਰੀਕੀ ਸਰਕਾਰ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਤੇ ਹੋਰ ਸਰਕਾਰੀ ਖਰਚਿਆਂ ਲਈ ਧੰਨ ਤੋਂ ਵਾਂਝੀ ਹੋ ਜਾਵੇਗੀ। 1945 ਤੋਂ ਲੈ ਕੇ ਇਹ ਡੈਪਟ ਲਿਮਟ ਯਾਨੀ ਕਰਜ਼ੇ ਦੀ ਲਿਮਟ 103 ਵਾਰ ਵਧਾਈ ਜਾ ਚੁੱਕੀ ਹੈ। ਦੂਜੇ ਪਾਸੇ ਅਮਰੀਕਾ ਦੁਨੀਆਂ ਭਰ ਵਿਚ ਮਨੁਖਤਾਘਾਤੀ ਜੰਗਾਂ 'ਤੇ ਬਿਲੀਅਨ ਅਤੇ ਟ੍ਰੀਲੀਅਨ ਡਾਲਰ ਖਰਚਾ ਕਰ ਰਿਹਾ ਹੈ ਇਹ ਧਿਆਨ ਰੱਖਣ ਦੀ ਲੋੜ ਹੈ।

# ਯੂਕ੍ਰੇਨ ਨੇ ਇੰਡੋਨੇਸ਼ੀਆ ਵੱਲੋਂ ਪੇਸ਼ ਕੀਤਾ ਸ਼ਾਂਤੀ ਪ੍ਰਸਤਾਵ ਨਕਾਰ ਦਿੱਤਾ



ਮਾਸਕੋ-ਇੰਡੋਨੇਸ਼ੀਆ ਦੇ ਡਿਫੈਂਸ ਮਨਿਸਟਰ ਨੇ ਰੂਸ ਅਤੇ ਯੂਕ੍ਰੇਨ ਦਰਮਿਆਨ ਲੱਗੀ ਜੰਗ ਨੂੰ ਬੰਦ ਕਰਵਾਉਣ ਲਈ ਇਕ ਸ਼ਾਂਤੀ ਪ੍ਰਸਤਾਵ ਪੇਸ਼ ਕੀਤਾ ਸੀ ਜਿਸ ਨੂੰ ਯੂਕ੍ਰੇਨ ਨੇ ਬੁਰੀ ਤਰ੍ਹਾਂ ਨਕਾਰ ਦਿੱਤਾ ਹੈ। ਯੂਕ੍ਰੇਨ ਦੇ ਡਿਫੈਂਸ ਮਨਿਸਟਰੀ ਦੇ ਬੁਲਾਰੇ ਨੇ ਪੋਲੈਕ ਨਿਕੋਲੇਸੀ ਨੇ ਕਿਹਾ ਹੈ ਕਿ ਇਹ ਪ੍ਰਸਤਾਵ ਨੂੰ ਅਸੀਂ ਬਿਲਕੁੱਲ ਪ੍ਰਵਾਨ ਨਹੀਂ ਕਰਾਂਗੇ। ਇੰਡੋਨੇਸ਼ੀਆ ਦੀ ਡਿਫੈਂਸ ਮਨਿਸਟਰੀ ਨੇ ਕਿਹਾ ਸੀ ਕਿ ਯੂਕ੍ਰੇਨ ਤੇ ਰਸ਼ੀਆ ਦੀਆਂ ਜਿੱਥੇ ਜਿੱਥੇ ਵੀ ਫ਼ੌਜਾਂ ਹਨ ਉਹ ਉਸ ਥਾਂ ਤੋਂ 15-15 ਕਿਲੋਮੀਟਰ ਪਿੱਛੇ ਹੱਟ ਜਾਣ। ਇਕ ਨਿਊਟਰਨ ਜ਼ੋਨ ਪੈਦਾ ਕੀਤਾ ਜਾਵੇ ਜਿਸ ਦੀ ਨਿਗਰਾਨੀ ਯੂ. ਐਨ. ਦੀਆਂ ਫ਼ੌਜਾਂ ਕਰਨ ਅਤੇ ਗੱਲਬਾਤ ਰਾਹੀਂ ਬਾਕੀ ਸਾਰੇ ਮਸਲੇ ਸੁਲਝਾਏ ਜਾਣ। ਯਾਦ ਰਹੇ ਇਸ ਤੋਂ ਪਹਿਲਾਂ ਚੀਨ ਨੇ ਵੀ ਇਕ ਸ਼ਾਂਤੀ ਪ੍ਰਸਤਾਵ ਪੇਸ਼ ਕੀਤਾ ਸੀ ਉਸ ਨੂੰ ਵੀ ਯੂਕ੍ਰੇਨ ਅਤੇ ਨਾਟੋ ਦੇਸ਼ਾਂ ਨੇ ਨਕਾਰ ਦਿੱਤਾ ਸੀ। ਰੂਸ ਵੱਲੋਂ ਯੂ. ਐਨ. ਵਿਚ ਪੇਸ਼ ਕੀਤੇ ਗਏ ਸ਼ਾਂਤੀ ਪ੍ਰਸਾਤਵ ਨੂੰ ਵੀ ਨਕਾਰਿਆ ਗਿਆ ਸੀ। ਇਸ ਤੋਂ ਪਹਿਲਾਂ ਟਰਕੀ ਨੇ ਵੀ ਸ਼ਾਂਤੀ ਪ੍ਰਸਤਾਵ ਪੇਸ਼ ਕੀਤਾ ਸੀ ਜਿਸ ਨੂੰ ਯੂਕ੍ਰੇਨ ਦੀ ਹਕੂਮਤ ਵੱਲੋਂ ਜੋ ਕਿ ਨਾਟੋ ਦੀ ਸਹਾਇਤਾ ਨਾਲ ਚੱਲ ਰਹੀ ਹੈ ਨਕਾਰ ਦਿੱਤਾ ਗਿਆ ਸੀ।



# ਓਡੀਸ਼ਾ 'ਚ ਹੋਇਆ ਤਿੰਨ ਗੱਡੀਆਂ ਦੀ ਟੱਕਰ ਵਾਲਾ ਹਾਦਸਾ, ਤੇ ਰੋਕਿਆ ਕਿਉਂ ਨਹੀਂ ਜਾ ਸਕਿਆ ?

ਨਵੀਂ ਦਿੱਲੀ-ਭਾਰਤ ਰੇਲ ਜੋ ਕਿ 169 ਸਾਲ ਪੁਰਾਣੀ ਹੈ ਤੇ ਜਿਸ ਵਿਚ 1.5 ਮਿਲੀਅਨ (15 ਲੱਖ ਦੇ ਕਰੀਬ) ਕਾਮੇ ਕੰਮ ਕਰਦੇ ਹਨ। ਦੁਨੀਆਂ ਵਿਚ ਸਭ ਤੋਂ ਵੱਡੀ ਟ੍ਰੇਨ ਸਿਸਟਮ ਹੈ ਯਾਤਰੀਆਂ ਦੇ ਹਿਸਾਬ ਨਾਲ। ਇਸ ਵਿਚ ਹਰ ਰੋਜ਼ 1.3 ਕਰੋੜ ਯਾਤਰੀ ਸਫ਼ਰ ਕਰਦੇ ਹਨ। ਸਾਲ ਦੇ ਲਗਭਗ 8 ਬੀਲੀਅਨ ਤੋਂ ਵੀ ਜ਼ਿਆਦਾ ਯਾਤਰੀਆਂ ਦੀ ਗਿਣਤੀ ਬਣਦੀ ਹੈ। ਟਰੈਕ ਦੇ ਹਿਸਾਬ ਨਾਲ ਇਹ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਰੇਲ ਸਿਸਟਮ ਹੈ। ਅਮਰੀਕਾ, ਰੂਸ ਤੇ ਚਾਈਨਾ ਤੋਂ ਬਾਅਦ ਇਸ ਦਾ ਬਹੁਤ ਹੀ ਆਟੋਮੈਟਿਕ ਸੇਫ਼ਟੀ ਸਿਸਟਮ ਜਿਸ ਨੂੰ ਕਵਚ ਦਾ ਨਾਂਆ ਦਿੱਤਾ ਗਿਆ ਹੈ ਉਹ ਹਾਲੇ ਸਿਰਫ਼ 2 ਹਜ਼ਾਰ ਕਿਲੋਮੀਟਰ ਟ੍ਰੈਕ ਹੀ ਕਵਰ ਕਰਦਾ ਹੈ ਤੇ ਅਗਲੇ ਸਾਲ ਤੱਕ ਇਹ ਸ਼ਾਇਦ 3 ਹਜ਼ਾਰ ਤੋਂ ਵੱਧ ਰੇਲਵੇ ਟ੍ਰੈਕ ਨੂੰ ਕਵਰ ਕਰੇਗਾ। ਯਾਦ ਰਹੇ ਕਿ ਭਾਰਤੀ ਰੇਲਵੇ ਲਾਈਨਾਂ ਦੀ ਲੰਬਾਈ ਲਗਭਗ 68 ਹਜ਼ਾਰ ਕਿਲੋਮੀਟਰ ਹੈ। ਅਗਰ ਇਹ ਕਵਚ ਸਿਸਟਮ ਜੋ ਕਿ ਸਿਰਫ਼ ਹਾਲੇ ਦੱਖਣ ਵਿਚ ਹੀ ਕੰਮ ਕਰ ਰਿਹਾ ਹੈ ਜੇਕਰ ਇਹ ਉੜੀਸਾ ਵਾਲੇ ਹਿੱਸੇ ਵਿਚ ਵੀ ਕੰਮ ਕਰ ਰਿਹਾ ਹੁੰਦਾ ਤਾਂ ਇਹ ਹਾਦਸਾ ਰੋਕਿਆ ਜਾ ਸਕਦਾ ਸੀ। ਇਹ ਇਕ ਤੱਤ ਹੈ ਕਿ 2014 ਤੋਂ ਬਾਅਦ ਰੇਲਵੇ ਦਾ ਬਹੁਤ ਸਾਰਾ ਪੈਸਾ ਸੇਫਟੀ ਤੇ ਇਨਫਰਾਸਟਰੱਕਚਰ ਲਈ ਰਾਖਵਾਂ ਰੱਖਿਆ ਗਿਆ ਸੀ। ਲਗਭਗ 2.4 ਟ੍ਰੀਲੀਅਨ ਰੁਪਏ ਮੋਦੀ ਸਰਕਾਰ ਨੇ ਰੱਖਿਆ ਸੀ ਤੇ ਹਾਦਸਿਆਂ ਵਿਚ ਵੀ 2017 ਤੋਂ ਬਾਅਦ ਬਹੁਤ ਵੱਡੀ ਕਟੌਤੀ ਹੋਈ ਹੈ। ਮੋਦੀ ਸਰਕਾਰ ਦਾ ਸਾਰਾ ਜ਼ੋਰ ਲੱਗਾ ਹੋਇਆ ਕਿ 2047 ਤੱਕ ਭਾਰਤ ਦੀ ਗਿਣਤੀ ਡਿਵੈਲਪਡ ਦੇਸ਼ਾਂ ਵਿਚ ਹੋਵੇ, ਵਿਕਸਿਤ ਕੌਮਾਂ ਦੇ ਵਿਚ ਹੋਵੇ। ਸਵਾਲ ਫਿਰ ਉਹ ਹੀ ਆ ਜਾਂਦਾ ਹੈ ਕਿ ਜਿਹੜਾ ਸੇਫਟੀ ਸਿਸਟਮ ਜਾਂ ਕਵਚ ਹੈ ਉਸ ਨੂੰ ਲਾਗੂ ਕਰਨ ਦੀ ਜੋ ਰਫ਼ਤਾਰ ਹੈ, ਉਹ ਜਿਸ ਤਰ੍ਹਾਂ ਰੇਲਗੱਡੀ ਦੀਆਂ ਰਫ਼ਤਾਰਾਂ ਵਿਚ ਲਗਾਤਾਰ ਵਾਧਾ ਕੀਤਾ ਜਾ ਰਿਹੈ ਉਸ ਦੀ ਤਰਜ 'ਤੇ ਹੀ ਵਾਧਾ ਹੋਣਾ ਲਾਜ਼ਮੀ ਹੈ ਜੇਕਰ ਅਸੀਂ ਇਸ ਤਰ੍ਹਾਂ ਦੇ ਹਾਦਸਿਆਂ ਤੋਂ ਨਿਜ਼ਾਤ ਪਾਉਣੀ ਚਾਹੁੰਦੇ ਹਾਂ।

## ਭਾਰਤ ਸੰਸਾਰ ਦੀ ਪੰਜਵੀਂ ਸਭ ਤੋਂ ਵੱਡੀ ਸਟਾਕ ਮੰਡੀ ਬਣਿਆ-ਇਕ ਰਿਪੋਰਟ




ਵਾਸ਼ਿੰਗਟਨ-ਭਾਰਤ ਨੇ ਸਟਾਕ ਮੰਡੀ ਵਿਚ ਮੁੜ ਆਪਣਾ ਪੱਦ ਉੱਚਿਆਇਆ ਹੈ। ਪਿਛਲੇ ਹਫ਼ਤੇ ਪਬਲੀਕਲੀ ਟ੍ਰੇਡ ਕਰ ਰਹੀਆਂ ਭਾਰਤੀ ਫਰਮਾਂ ਦੀ ਕੈਪਟੀਲਾਈਜੇਸ਼ਨ 3.3 ਟ੍ਰੀਲੀਅਨ ਡਾਲਰ ਨੂੰ ਪਹੁੰਚ ਗਈ ਹੈ ਜਿਸ ਨੇ ਫਰਾਂਸ ਨੂੰ ਪਛਾੜ ਕੇ ਦੁਨੀਆਂ ਵਿਚ 5ਵਾਂ ਸਥਾਨ ਹਾਸਲ ਕਰ ਲਿਆ ਹੈ। ਅਪ੍ਰੈਲ ਤੋਂ ਲੈ ਕੇ ਪਿਛਲੇ ਹਫ਼ਤੇ ਤੱਕ ਲਗਭਗ 5.7 ਬੀਲੀਅਨ ਡਾਲਰ ਦੀ ਵਿਦੇਸ਼ੀ ਇਨਵੈਸਟਮੈਂਟ ਭਾਰਤੀ ਸਟਾਕ ਵਿਚ ਹੋਈ ਹੈ ਯਾਨੀ ਕਿ ਭਾਰਤੀ ਕੰਪਨੀਆਂ ਦੇ ਸ਼ੇਅਰਾਂ ਵਿਚ ਹੋਈ ਹੈ। ਅਡਾਨੀ ਗਰੁੱਪ ਦੀਆਂ 10 ਲਿਸਟਿਡ ਕੰਪਨੀਆਂ ਨੇ ਪਿਛਲੇ ਹਫ਼ਤੇ 15 ਬੀਲੀਅਨ ਡਾਲਰ ਦੀ ਇਨਵੈਸਟਮੈਂਟ ਦਾ ਇਜ਼ਾਫਾ ਕੀਤਾ ਹੈ। ਅਡਾਨੀ ਮੁੜ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ ਵਿਚ ਸ਼ਾਮਿਲ ਹੋ ਗਿਆ ਹੈ। ਜਿਮ ਓਨੀਅਲ ਦੀ ਰਿਪੋਰਟ ਅਨੁਸਾਰ ਬ੍ਰਿਕਸ ਸੰਸਥਾ ਜਿਸ ਦੇ ਕਿ ਮੁੱਢਲੇ ਮੈਂਬਰ ਰੂਸ, ਚੀਨ, ਭਾਰਤ, ਬ੍ਰਾਜ਼ੀਲ ਅਤੇ ਸਾਊਥ ਅਫ਼ਰੀਕਾ ਹਨ ਡਾਲਰ ਦੀ ਦੁਨੀਆਂ ਭਰ ਵਿਚ ਡੋਮੀਨਸ ਨੂੰ ਬਹੁਤ ਜਲਦ ਹੀ ਤਬਾਹ ਕਰ ਸਕਦੀ ਹੈ।

OASIS WINDOWS INC.
OASIS WINDOWS clearly better windows
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
ENERGY STAR
MEMBER BBB BC Mainland
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty

"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL

Our Symbol of Care & Service
Superior Mortgage
Unit 244-8138-128 Street, Surrey
604 507 1000

MORE EXPOSURE
MEANS MORE BUSINESS
NO NEED TO GO ANYWHERE
Advertise with us!
LINK Leading Indo-Canadian Newspaper
Ph: 604.591.5160
www.thelinkpaper.ca • ads@thelinkpaper.ca



# ਬੁਢਾਪਾ !

ਜਨਮ, ਵਿਆਹ, ਸੇਵਾ-ਮੁਕਤੀ ਅਤੇ ਮੌਤ; ਇਹ ਹਰ ਵਿਅਕਤੀ ਦੇ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਚਾਰ ਘਟਨਾਵਾਂ ਹਨ। ਪੂਰਾ ਪਰਿਵਾਰ ਜਨਮ, ਵਿਆਹ ਅਤੇ ਸੇਵਾ-ਮੁਕਤੀ ਲਈ ਬਹੁਤ ਸਾਲਾਂ ਤੋਂ ਤਿਆਰੀ ਕਰ ਰਿਹਾ ਹੁੰਦਾ ਹੈ, ਪਰ ਅਸੀਂ ਮੌਤ ਬਾਰੇ ਗੱਲ ਕਰਨ ਦੀ ਕੋਸ਼ਿਸ਼ ਵੀ ਨਹੀਂ ਕਰਦੇ। ਅਸੀਂ ਸਾਰਾ ਜੀਵਨ ਇਸ ਤਰ੍ਹਾਂ ਬਤੀਤ ਕਰਦੇ ਹਾਂ ਜਿਵੇਂ ਕਿ ਹਮੇਸ਼ਾਂ ਜ਼ਿੰਦਾ ਰਹਿਣਾ ਹੋਵੇ, ਪਰ ਸਚਾਈ ਇਹ ਹੈ ਕਿ ਇੱਕ ਦਿਨ ਅਸੀਂ ਸਾਰਿਆਂ ਨੇ ਇੱਥੋਂ ਰੁਖ਼ਸਤ ਹੋਣਾ ਹੀ ਹੈ।

### ਅਸੀਂ ਮੌਤ ਬਾਰੇ ਗੱਲਬਾਤ ਨਹੀਂ ਕਰਦੇ, ਕਿਉਂਕਿ

1. ਇਸ ਗੰਭੀਰ ਵਿਸ਼ੇ ਬਾਰੇ ਜਾਣਕਾਰੀ ਘੱਟ ਹੁੰਦੀ ਹੈ।
2. ਸਾਡੇ ਲਈ ਮੌਤ ਬਾਬਤ ਗੱਲਬਾਤ ਕਰਨਾ ਬਹੁਤ ਦੁਖਦਾਇਕ ਅਤੇ ਤਣਾਓ ਭਰਿਆ ਹੁੰਦਾ ਹੈ।
3. ਇਸ ਚਰਚਾ ਵਿੱਚ ਕਠਿਨ ਫ਼ੈਸਲੇ ਹੁੰਦੇ ਹਨ ਅਤੇ ਜਿਹਨਾਂ ਨੂੰ ਅਸੀਂ ਟਾਲਣਾ ਚਾਹੁੰਦੇ ਹਾਂ।
4. ਪਰਿਵਾਰਿਕ ਮੈਂਬਰ ਇਸ ਗੱਲਬਾਤ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ।

### ਬੁਢਾਪੇ ਸਮੇਂ ਕਰਨ ਵਾਲੇ ਜ਼ਰੂਰੀ ਫ਼ੈਸਲੇ

1. ਬੁਢਾਪੇ ਵਿੱਚ ਅਤੇ ਮੌਤ ਦੇ ਨਜ਼ਦੀਕ ਤੁਹਾਡੀ ਸਾਰੀ ਸਾਂਭ-ਸੰਭਾਲ ਲਈ ਜ਼ਿੰਮੇਵਾਰ ਕੌਣ ਹੋਵੇਗਾ?
2. ਜਾਇਦਾਦ ਦਾ ਬਟਵਾਰਾ ਕਿਵੇਂ ਅਤੇ ਕਦੋਂ ਕਰਨਾ ਹੈ?
3. ਜਦੋਂ ਬੁਢਾਪੇ ਕਾਰਨ ਤੁਹਾਡੀ ਦਿਮਾਗ਼ੀ ਸ਼ਕਤੀ ਘੱਟ ਜਾਵੇ ਅਤੇ ਤੁਸੀਂ ਫ਼ੈਸਲੇ ਨਾ ਕਰ ਸਕੋ ਤਾਂ ਤੁਹਾਡੇ ਲਈ ਫ਼ੈਸਲੇ ਕੌਣ ਲਵੇਗਾ?
4. ਕੀ ਤੁਸੀਂ ਜ਼ਿਆਦਾ ਸਮਾਂ ਜਿਊਣ ਲਈ ਸਾਹ ਮਸ਼ੀਨ ਜਾਂ ਭੋਜਨ ਨਾਲੀ ਰਾਹੀਂ ਖਾਣਾ ਪਸੰਦ ਕਰੋਗੇ? ਅੱਜ ਕੱਲ ਮੈਡੀਕਲ ਟੈਕਨੌਲੋਜੀ ਦੀ ਤਰੱਕੀ ਨਾਲ ਸਾਹ ਵਾਲੀ ਮਸ਼ੀਨ ਅਤੇ ਨਾਲੀਆਂ ਰਾਹ ਖਾਣਾ ਦੇਣ ਨਾਲ ਉਮਰ ਲੰਬੀ ਕੀਤੀ ਜਾ ਸਕਦੀ ਹੈ। ਜੀਵਨ ਤਾਂ ਲੰਬਾ ਹੋ ਜਾਂਦਾ ਹੈ, ਪਰ ਇਹ ਜੀਵਨ ਦੀ ਕੁਆਲਟੀ ਦੇ ਨਾਲ ਇੱਕ ਸਮਝੌਤਾ ਹੁੰਦਾ ਹੈ। ਇਨ੍ਹਾਂ ਗੱਲਾਂ ਬਾਰੇ ਪਹਿਲਾਂ ਹੀ ਫ਼ੈਸਲੇ ਲੈਣਾ ਬਹੁਤ ਜ਼ਰੂਰੀ ਹੈ।

### ਇਨ੍ਹਾਂ ਫ਼ੈਸਲਿਆਂ ਨੂੰ ਲੈਣ ਵਿੱਚ ਤੁਹਾਡੀ ਮੱਦਦ ਕੌਣ ਕਰ ਸਕਦਾ ਹੈ?

1. ਤੁਹਾਡਾ ਪਰਿਵਾਰ ਅਤੇ ਮਿੱਤਰ।
2. ਸਿਹਤ ਦੇ ਸੰਬੰਧ ਵਿੱਚ ਤੁਹਾਡਾ ਡਾਕਟਰ।
3. ਧਾਰਮਿਕ ਜਾਂ ਅਧਿਆਤਮਿਕ ਵਿਅਕਤੀ।
4. ਜਾਇਦਾਦ ਦੇ ਸੰਬੰਧ ਵਿੱਚ ਵਕੀਲ।

### ਇਹ ਗੱਲਬਾਤ ਕਿਉਂ ਜ਼ਰੂਰੀ ਹੈ?

1. ਇਸ ਨਾਲ ਪਰਿਵਾਰਿਕ ਮੈਂਬਰਾਂ ਦਾ ਮਾਨਸਿਕ ਤਣਾਓ ਅਤੇ ਉਲਝਣ ਤੋਂ ਬਚਾਅ ਹੋ ਜਾਵੇਗਾ।
2. ਇਸ ਨਾਲ ਪਰਿਵਾਰਿਕ ਮੈਂਬਰਾਂ ਦੀ ਆਪਸੀ ਖਿੱਚੋਤਾਣ ਅਤੇ ਝਗੜਿਆਂ ਤੋਂ ਬਚਾਅ ਹੋ ਜਾਵੇਗਾ।
3. ਤੁਹਾਡੇ ਆਪਣੇ ਮਨ ਨੂੰ ਸ਼ਾਂਤੀ ਰਹੇਗੀ।
4. ਮੌਤ ਬਾਰੇ ਸੋਚਣਾ ਸਾਨੂੰ ਜੀਵਨ ਦੇ ਅਸਲ ਮੰਤਵ ਦਾ ਗਿਆਨ ਕਰਵਾਉਂਦਾ ਹੈ।
5. ਜੇਕਰ ਤੁਸੀਂ ਆਪਣੇ ਅੰਗ ਦਾਨ ਕਰਨਾ ਚਾਹੁੰਦੇ ਹੋ ਤਾਂ ਇਸ ਬਾਰੇ ਤੁਹਾਡੇ ਪਰਿਵਾਰ ਨੂੰ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ।

### ਜੇਕਰ ਤੁਸੀਂ ਯੂ.ਐੱਸ.ਏ ਵਿਚ ਰਹਿੰਦੇ ਹੋ

ਆਪਣੇ ਡਾਕਟਰ ਦੀ ਮੱਦਦ ਨਾਲ 'ਪੀ.ਓ.ਐੱਲ.ਐੱਸ.ਟੀ' ਫ਼ਾਰਮ ਨੂੰ ਪੂਰਾ ਕਰੋ ਅਤੇ ਇਸਨੂੰ ਆਪਣੀ ਮੈਡੀਕਲ ਫਾਈਲ ਵਿੱਚ ਰੱਖੋ।

# ਦੇਸ਼ ਨਿਕਾਲੇ ਦੇ ਹੁਕਮਾਂ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦਾ ਮੁੱਦਾ ਕੈਨੇਡੀਅਨ ਸੰਸਦ ਵਿਚ ਗੂੰਜਿਆ

## ਸੈਂਕੜੇ ਵਿਦਿਆਰਥੀਆਂ ਵਲੋਂ ਹੁਕਮਾਂ ਵਿਰੁੱਧ ਰੋਸ ਪ੍ਰਦਰਸ਼ਨ

ਮਿਸੀਸਾਗਾ-ਕੈਨੇਡਾ ਵਿਚ ਰਹਿ ਰਹੇ ਸੈਂਕੜੇ ਕੌਮਾਂਤਰੀ ਪੰਜਾਬੀ ਵਿਦਿਆਰਥੀਆਂ ਨੂੰ ਫਰਜ਼ੀ ਦਾਖਲਾ ਘੁਟਾਲੇ ਕਾਰਣ ਡਿਪੋਰਟੇਸ਼ਨ ਦੇ ਹੁਕਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਗਪਗ 700 ਦੇ ਕਰੀਬ ਅਜਿਹੇ ਵਿਦਿਆਰਥੀਆਂ ਚੋ ਕਈ ਵਿਦਿਆਰਥੀ ਪਿਛਲੇ ਇਕ ਹਫਤੇ ਤੋਂ ਕੈਨੇਡਾ ਸਰਕਾਰ ਵਲੋਂ ਜਾਰੀ ਡਿਪੋਰਟੇਸ਼ਨ ਹੁਕਮਾਂ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ। ਓਨਟਾਰੀਓ ਸੂਬੇ ਦੇ ਮਿਸੀਸਾਗਾ ਦੇ 6899 ਏਅਰਪੋਰਟ ਰੋਡ 'ਤੇ ਕੈਨੇਡੀਅਨ ਬਾਰਡਰ ਸਿਕਿਓਰਿਟੀ ਏਜੰਸੀ (ਸੀਬੀਐਸਏ) ਦੇ ਦਫ਼ਤਰ ਦੇ ਸਾਹਮਣੇ ਇੱਕ ਟੈਂਟ ਲਗਾਕੇ ਬੈਠੇ, ਵਿਦਿਆਰਥੀਆਂ ਨੇ ਬੈਨਰ ਫੜੇ ਹੋਏ ਹਨ ਜਿਨ੍ਹਾਂ 'ਤੇ ਲਿਖਿਆ ਹੈ 'ਡਿਪੋਰਟੇਸ਼ਨ ਵਿਰੁੱਧ ਇੱਕਜੁੱਟ ਹੋਵੋ', 'ਡਿਪੋਰਟੇਸ਼ਨ ਬੰਦ ਕਰੋ' ਅਤੇ 'ਅਸੀਂ ਨਿਆਂ ਚਾਹੁੰਦੇ ਹਾਂ।

ਇਹਨਾਂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਹ ਜਲੰਧਰ ਸਥਿਤ ਐਜੂਕੇਸ਼ਨ ਕੰਸਲਟੈਂਟ ਬ੍ਰਜੇਸ਼ ਮਿਸ਼ਰਾ ਦੇ ਘੁਟਾਲੇ ਦਾ ਸ਼ਿਕਾਰ ਹੋਏ ਸਨ, ਜਿਸਨੇ ਉਨ੍ਹਾਂ ਨੂੰ 2017 ਅਤੇ 2018 ਵਿੱਚ ਕੈਨੇਡਾ ਦੀਆਂ ਸੰਸਥਾਵਾਂ ਤੋਂ ਇਹ ਦਾਖਲਾ ਪੱਤਰ ਜਾਰੀ ਕੀਤੇ ਸਨ। ਉਹ ਇਨ੍ਹਾਂ ਪੱਤਰਾਂ ਦੇ ਆਧਾਰ 'ਤੇ ਵੀਜ਼ਾ ਹਾਸਲ ਕਰਕੇ ਕੈਨੇਡਾ ਪੁੱਜੇ ਸਨ । ਕੈਨੇਡਾ ਪੁੱਜਣ ਤੋਂ ਬਾਅਦ, ਸਲਾਹਕਾਰ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਹ ਉਸ ਵਿਸ਼ੇਸ਼ ਕਾਲਜ ਵਿੱਚ ਦਾਖਲਾ ਨਹੀਂ ਲੈ ਸਕਦੇ ਹਨ ਅਤੇ ਉਨ੍ਹਾਂ ਨੂੰ ਦੂਜੇ ਕਾਲਜਾਂ ਵਿੱਚ "ਅਡਜਸਟ" ਕਰਵਾ ਦਿੱਤਾ ਗਿਆ ਹੈ।

ਉਨ੍ਹਾਂ ਵਿੱਚੋਂ ਕਈਆਂ ਨੇ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਫਿਰ ਵਰਕ ਪਰਮਿਟ ਪ੍ਰਾਪਤ ਕੀਤੇ। ਦਾਖਲੇ ਦੇ ਜਾਅਲੀ ਦਸਤਾਵੇਜ਼ 32♥1 ਦੇ ਨੋਟਿਸ ਵਿੱਚ ਉਦੋਂ ਆਏ ਜਦੋਂ ਉਨ੍ਹਾਂ ਨੇ ਪੀ ਆਰ ਲਈ ਅਰਜ਼ੀ ਦਿੱਤੀ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਲਗਭਗ 700 ਵਿਦਿਆਰਥੀਆਂ ਨੂੰ ਸੀਬੀਐਸਏ ਦੁਆਰਾ ਅਸਲ ਦਾਖਲਾ ਪੱਤਰ ਨਾ ਹੋਣ ਕਾਰਨ ਦੇਸ਼ ਨਿਕਾਲੇ ਦੇ ਹੁਕਮ ਜਾਰੀ ਕੀਤੇ ਗਏ ਸਨ।

ਸਾਬਕਾ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਕੈਨੇਡੀਅਨ ਸਰਕਾਰ ਉਨ੍ਹਾਂ ਨਾਲ ਦੂਸਰੀ ਵਾਰ ਧੋਖਾ ਕਰ ਰਹੀ ਹੈ। "ਸਾਡੇ ਕੋਲ ਵਧੀਆ ਅਕਾਦਮਿਕ ਰਿਕਾਰਡ ਹੈ ਅਤੇ ਅਸੀਂ ਲੋੜੀਂਦੇ ਬੈਂਡਾਂ ਨਾਲ ਆਈਲੈਟਸ ਦੀ ਪ੍ਰੀਖਿਆ ਪਾਸ ਕੀਤੀ ਹੈ। ਫਿਰ ਸਾਨੂੰ ਕੈਨੇਡਾ ਪਹੁੰਚਣ ਲਈ ਜਾਅਲੀ ਦਾਖਲਾ ਪੱਤਰ ਦੀ ਲੋੜ ਕਿਉਂ ਪਵੇਗੀ?

### ਮਾਮਲਾ ਹਾਊਸ ਆਫ ਕਾਮਨਜ਼ ਵਿਚ ਗੂੰਜਿਆ

ਇਸੇ ਦੌਰਾਨ ਫੈਡਰਲ ਕੰਸਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਵਰ ਨੇ ਕੌਮਾਂਤਰੀ ਵਿਦਿਆਰਥੀ ਨੂੰ ਡਿਪੋਰਟ ਕੀਤੇ ਜਾਣ ਦੇ ਹੁਕਮਾਂ ਦੀ ਸਖਤ ਨਿੰਦਾ ਕਰਦਿਆਂ ਇਸਨੂੰ ਲਿਬਰਲ ਸਰਕਾਰ ਦੀ ਨਾਲਾਇਕੀ ਕਰਾਰ ਦਿੱਤਾ ਹੈ। ਉਹਨਾਂ ਸੰਸਦ ਵਿਚ ਇਹ ਮੁੱਦਾ ਉਠਾਉਂਦਿਆਂ ਕਿਹਾ ਕਿ ਇਸ ਘਟਨਾ ਨੇ ਕੈਨੇਡੀਅਨ ਇਮੀਗ੍ਰੇਸ਼ਨ ਪ੍ਰਣਾਲੀ ਦੀ ਇਮਾਨਦਾਰੀ ਉਪਰ ਵੀ ਪ੍ਰਸ਼ਨ ਚਿੰਨ ਲਗਾ ਦਿੱਤਾ ਹੈ। ਉਹਨਾਂ ਕਿਹਾ ਕਿ ਹੁਣ ਜਦੋਂ ਵਿਦਿਆਰਥੀਆਂ ਪੜ੍ਹਾਈ ਪੂਰੀ ਕਰ ਚੁੱਕੇ ਹਨ ਤਾਂ ਉਹਨਾਂ ਨੂੰ ਦਾਖਲਾ ਪੱਤਰਾਂ ਦੇ ਜਾਅਲੀ ਹੋਣ ਕਰਕੇ ਨਿਸ਼ਾਨਾ ਨਹੀ ਬਣਾਇਆ ਜਾਣਾ ਚਾਹੀਦਾ। ਕੰਸਰਵੇਟਿਵ ਦੇ ਕੁਝ ਐਮ ਪੀ ਵਜੋਂ ਇਮੀਗ੍ਰੇਸ਼ਨ ਮੰਤਰੀ ਨੂੰ ਇਕ ਖੁੱਲਾ ਪੱਤਰ ਲਿਖਕੇ ਵੀ ਇਹਨਾਂ ਵਿਦਿਆਰਥੀਆਂ ਦਾ ਮਸਲਾ ਹੱਲ ਕਰਨ ਦੀ ਅਪੀਲ ਕੀਤੀ ਹੈ।

NAIYA GILL
PROFESSIONAL LAW CORPORATION
NAIYA GILL PROFESSIONAL LAW CORPORATION
"Each Client Matters"



· Buying, Selling & Refinance of Real Estate (Residential & Commercial)
· Estate Planning
· Wills, Estates
· Representation Agreements
· Legal Aid · Immigration
· Commercial Lease
· Incorporation of Business
· Corporate Maintenance
· Buying or Selling a Business
· Family Law
· Sponsorship Letters
· Notary
· Power of Attorney

· ਪ੍ਰਾਪਰਟੀ ਖਰੀਦਣ, ਵੇਚਣ ਜਾਂ ਰਿਫਾਇਨਾਂਸ (ਰੈਜ਼ੀਡੈਂਸ਼ਿਅਲ ਅਤੇ ਕਮਰਸ਼ਿਅਲ)
· ਜਾਇਦਾਦ ਦੀ ਪਲੈਨਿੰਗ
· ਵਸੀਅਤ, ਜਾਇਦਾਦ
· ਰਿਪ੍ਰੈਜ਼ੰਨਟੇਸ਼ਨ ਸਮਝੌਤੇ
· ਕਾਨੂੰਨੀ ਸਹਾਇਤਾ
· ਇਮੀਗ੍ਰੇਸ਼ਨ · ਵਪਾਰਕ ਲੀਜ਼
· ਇਨਕਾਰਪੋਰਸ਼ਨ
· ਕਾਰਪੋਰੇਟ ਮੇਨਟੇਨੈਂਸ
· ਕੋਈ ਕਾਰੋਬਾਰ ਖਰੀਦਣਾ ਜਾਂ ਵੇਚਣਾ
· ਫੈਮਿਲੀ ਲਾਅ
· ਸਪਾਂਸਰਸ਼ਿਪ ਲੈਟਰਜ਼
· ਨੋਟਰੀ · ਪਾਵਰ ਆਫ ਅਟਾਰਨੀ

Appointments available in Surrey, White Rock & Abbotsford.
604.771.3089
info@ngplc.ca www.ngplc.ca


Broadcasting Across North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar By: Dupinder K Saran 6:00-7:00 AM
The Jaskaran Show 7:00-10:00 AM
Parmvir S Baath 9:00-10:00 AM
The Baljinder K Show 10:00 AM-12:00 PM
Sanjhe Vichaar By Amrit Bhatti 12:00-2:00 PM
The Lovey Pannu Show 2:00-4:00 PM
Mehak Punjab Di By Preet Goswami 4:00-5:00 PM
The Paul Brar Show 5:00-8:00 PM
Nazaria By Arashdeep Singh 8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab Official App from:
Google play
Download on the App Store
WEEKENDS
Sakatar S. Sandhu Seattle
Kamal Aujla 8am -10 am
Harsharan Dhaliwal 10-12 pm
Dr Jass Malkeet 12-2 pm sundays
Parmeet Kaur 2-4 pm
Neema Manral 4-6 pm
Angrej Singh Brar 12-2 pm Saturdays
Amarjit S. Sidhu 6-9 pm
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਮਨੀਟੋਬਾ ਲੈਜਿਸਲੇਚਰ ਦਾ ਸੈਸ਼ਨ ਸਮਾਪਤ

## ਅਗਾਮੀ ਚੋਣ ਮੁਹਿੰਮ ਲਈ ਖਿੱਚੀ ਤਿਆਰੀ



ਵਿਨੀਪੈਗ-ਗਰਮੀਆਂ ਦੀਆਂ ਛੁੱਟੀਆਂ ਲਈ ਮਨੀਟੋਬਾ ਲੈਜਿਸਲੇਚਰ ਦਾ ਸੈਸ਼ਨ ਖਤਮ ਹੋ ਗਿਆ ਹੈ ਅਤੇ ਅਗਾਮੀ ਚੋਣ ਮੁਹਿੰਮ ਵਿਚ ਸਿਹਤ ਸੰਭਾਲ, ਟੈਕਸਾਂ ਤੇ ਜ਼ੁਰਮ 'ਤੇ ਧਿਆਨ ਕੇਂਦਰਿਤ ਕੀਤੇ ਜਾਣ ਦੀ ਆਸ ਹੈ। 3 ਅਕਤੂਬਰ ਨੂੰ ਹੋ ਰਹੀਆਂ ਚੋਣਾਂ ਤੋਂ ਪਹਿਲਾਂ ਆਖਰੀ ਬੈਠਕ ਵਿਚ ਸੱਤਾਧਾਰੀ ਪ੍ਰੋਗਰੈਸਿਵ ਕੰਸਰਵੇਟਿਵਾਂ ਨੇ ਕਾਨੂੰਨ ਬਣਾਉਣ ਲਈ ਦਰਜਨਾਂ ਬਿੱਲ ਪਾਸ ਕੀਤੇ। ਇਨ੍ਹਾਂ ਵਿਚ ਬਜਟ ਨਾਲ ਸਬੰਧਤ ਬਿੱਲ ਹਨ ਅਤੇ ਬਜਟ ਵਿਚ ਸਰਕਾਰ ਨੇ ਕਈ ਸਾਲ ਵਿੱਤੀ ਘਾਟੇ ਨਾਲ ਲੜਨ ਪਿੱਛੋਂ ਤੇਜ਼ੀ ਨਾਲ ਖਰਚ ਨੂੰ ਹੁਲਾਰਾ ਦਿੱਤਾ ਹੈ। ਅਪਰਾਧ ਵਿਰੋਧੀ ਉਪਾਵਾਂ ਵਾਲੇ ਬਿੱਲ ਵੀ ਹਨ, ਜਿਵੇਂ ਮਿਉਂਸਪਲਟੀਜ਼ ਨੂੰ ਟਰਾਂਜਿਟ ਲਈ ਸਕਿਉਰਟੀ ਸਟਾਫ ਤਾਇਨਾਤ ਕਰਨ ਦੀ ਤਾਕਤ ਦੇਣਾ ਅਤੇ ਪੀੜਤਾਂ ਲਈ ਉਨ੍ਹਾਂ ਲੋਕਾਂ ਖਿਲਾਫ ਮੁਕੱਦਮੇ ਨੂੰ ਅਸਾਨ ਬਣਾਉਣ ਲਈ ਬਿੱਲ ਹੈ ਜਿਹੜੇ ਬਦਲਾ ਲੈਣ ਲਈ ਅਸ਼ਲੀਲ ਤਸਵੀਰਾਂ ਨੂੰ ਪੋਸਟ ਕਰਦੇ ਹਨ ਪਰ ਪੰਜ ਬਿੱਲਾਂ ਨੂੰ ਵਿਰੋਧੀ ਧਿਰ ਨਿਊ ਡੈਮੋਕਰੈਟਸ ਨੇ ਪਾਸ ਨਹੀਂ ਹੋਣ ਦਿੱਤਾ ਜਿਸ ਵਿਚ ਨਿਗਰਾਨੀ ਅਧੀਨ ਨਸ਼ੀਲੇ ਪਦਾਰਥਾਂ ਦੀ ਖਪਤ ਵਾਲੀਆਂ ਥਾਵਾਂ ਲਈ ਇਕ ਲਾਇਸੈਂਸਿੰਗ ਅਤੇ ਰੈਗੂਲੇਟਰੀ ਪ੍ਰਬੰਧ ਸਥਾਪਤ ਕੀਤਾ ਜਾਣਾ ਸੀ। ਪ੍ਰੀਮੀਅਰ ਹੀਥਰ ਸਟੀਫਨਸਨ ਇਸ ਨੂੰ ਪ੍ਰਚਾਰ ਮੁੱਦਾ ਬਣਾਵੇਗੀ। ਸਟੀਫਨਸਨ ਨੇ ਕਿਹਾ ਕਿ ਉਸ ਨੂੰ ਯਕੀਨ ਹੈ ਕਿ ਇਹ ਬਿੱਲ ਸਾਡੇ ਸੂਬੇ ਵਿਚ ਨਸ਼ਿਆਂ ਤੋਂ ਪੀੜਤ ਲੋਕਾਂ ਨੂੰ ਸੁਰੱਖਿਆ ਦੇਣ ਸਬੰਧੀ ਸੀ, ਮੈਨੂੰ ਲਗਦਾ ਹੈ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਬਿੱਲ ਪਾਸ ਨਹੀਂ ਹੋਇਆ।

# ਸਰੀ ਵਲੋਂ ਮਡ ਬੇਅ ਵਿਚ ਨਵੀਨਤਾਕਾਰੀ ਲਿਵਿੰਗ ਡਾਈਕ ਪਾਇਲਟ ਪ੍ਰਾਜੈਕਟ

ਸਰੀ-ਤੱਟਵਰਤੀ ਹੜ੍ਹ ਸੁਰੱਖਿਆ ਨੂੰ ਹੱਲ ਕਰਨ ਲਈ ਇਕ ਨਵੀਨਤਾਕਾਰੀ ਹਰੀ ਪਹੁੰਚ ਵਾਲਾ ਪ੍ਰਾਜੈਕਟ ਜਿਸ ਨੂੰ ਲਿਵਿੰਗ ਡਾਈਕ ਵਜੋਂ ਜਾਣਿਆਂ ਜਾਂਦਾ ਹੈ ਸਰੀ ਵਿਚ ਚੱਲ ਰਿਹਾ ਹੈ ਜਿਸ ਬਾਰੇ ਦੇਸ਼ ਭਰ ਵਿਚ ਦਿਲਚਸਪੀ ਪੈਦਾ ਹੋ ਰਹੀ ਹੈ। ਸਰੀ ਨੇ ਮਡ ਬੇਅ ਨੇਚਰ-ਆਧਾਰਤ ਫੋਰਸ਼ੋਰ ਇਨਹੈਂਸਮੈਂਟਸ ਪ੍ਰਾਜੈਕਟ ਲਈ ਡੈਲਟਾ ਸਿਟੀ ਅਤੇ ਸੇਮੀਆਹਮੂ ਫਸਟ ਨੇਸ਼ਨ ਨਾਲ ਭਾਈਵਾਲੀ ਕੀਤੀ ਹੈ ਅਤੇ ਸੇਮੀਆਹਮੂ ਫਸਟ ਨੇਸ਼ਨ ਇਸ ਦੇ ਸ਼ੁਰੂ ਹੋਣ ਤੋਂ ਪ੍ਰਾਜੈਕਟ ਵਿਚ ਸ਼ਾਮਿਲ ਹੈ ਅਤੇ ਉਹ ਰਵਾਇਤੀ ਫੋਰਸ਼ੋਰ ਇਲਾਕੇ ਵਿਚ ਸਥਿਤ ਪ੍ਰਾਜੈਕਟ ਲਈ ਜਾਣਕਾਰੀ ਦੇਣ ਅਤੇ ਮਾਰਗ ਦਰਸ਼ਨ ਲਈ ਅਹਿਮ ਭੂਮਿਕਾ ਨਿਭਾ ਰਹੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਪਛਾਣੇ ਗਏ ਜੰਗਲੀ ਜੀਵਾਂ ਅਤੇ ਵਿਲੱਖਣ ਨਿਵਾਸ ਸਥਾਨਾਂ ਦਾ ਘਰ, ਜਿਸ ਵਿਚ ਮਡ ਫਲੈਟਸ ਈਲਗਰਾਸ ਬੈੱਡਸ ਅਤੇ ਸਾਲਟ ਮਾਰਸ਼ਸ ਸ਼ਾਮਿਲ ਹੈ ਮਡ ਬੇਅ ਦੀ ਸਾਲਟ ਮਾਰਸ਼ਸ, ਕੁਦਰਤੀ ਹੜ੍ਹ ਸੁਰੱਖਿਆ, ਪਾਣੀ ਦੀ ਗੁਣਵੱਤਾ ਵਿਚ ਸੁਧਾਰ, ਕਾਰਬਨ ਸਟੋਰ ਕਰਨ ਅਤੇ ਜੰਗਲੀ ਜੀਵਾਂ ਦੀ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ ਪਰ ਸਮੁੰਦਰ ਵਿਚ ਪਾਣੀ ਦਾ ਪੱਧਰ ਵਧਣ ਨਾਲ ਤਟੀ ਖੇਤਰ ਘਟਣ ਕਾਰਨ ਅਲੋਪ ਹੋ ਜਾਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੀ ਹੈ। ਲਿਵਿੰਗ ਡਾਈਕ ਸਮੁੰਦਰ ਦੇ ਕਿਨਾਰੇ ਤਲਛਟ ਜੋੜ ਕੇ ਅਤੇ ਉਥੇ ਪੈਦਾ ਹੋਣ ਵਾਲੇ ਸਾਲਟ ਮਾਰਸ਼ ਸਪੈਸੀਜ਼ ਨੂੰ ਲਗਾ ਕੇ ਬਣਾਇਆ ਜਾਵੇਗਾ।



## ਅਲੜ੍ਹ ਕੁੜੀਆਂ ਨੂੰ ਨਸ਼ਾ ਖੁਆ ਕੇ ਉਨ੍ਹਾਂ ਦੀ ਪੱਤ ਲੁੱਟਣ ਵਾਲੇ ਪਿਉ-ਪੁੱਤ ਆ ਗਏ ਕਾਨੂੰਨ ਦੇ ਅੜਿੱਕੇ

ਕੈਲਗਰੀ-ਪੁਲਿਸ ਨੇ ਦੱਸਿਆ ਕਿ ਕਈ ਕਿਸ਼ੋਰ ਲੜਕੀਆਂ ਦਾ ਕਈ ਮਹੀਨਿਆਂ ਤਕ ਜਿਣਸੀ ਸੋਸ਼ਣ ਕਰਨ ਪਿੱਛੋਂ ਪਿਉ-ਪੁੱਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਨ੍ਹਾਂ 'ਤੇ ਦੋਸ਼ ਲਗਾਏ ਗਏ ਹਨ। ਪੁਲਿਸ ਨੇ ਇਕ ਬਿਆਨ ਵਿਚ ਦੱਸਿਆ ਕਿ ਉਨ੍ਹਾਂ ਨੂੰ ਅਪ੍ਰੈਲ ਵਿਚ 13 ਸਾਲਾ ਲੜਕੀ ਮਿਲੀ ਜਿਸ ਦਾ ਪਹਿਲਾਂ ਲਾਪਤਾ ਹੋਣ ਬਾਰੇ ਰਿਪੋਰਟ ਕੀਤੀ ਗਈ ਸੀ। ਲੜਕੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ 24 ਸਾਲਾ ਲੜਕੇ ਨਾਲ ਸਬੰਧ ਸਨ ਜਿਸ ਨੇ ਸੈਕਸ ਬਦਲੇ ਉਸ ਨੂੰ ਸ਼ਰਾਬ, ਨਸ਼ੀਲੇ ਪਦਾਰਥ ਅਤੇ ਵੈਪਸ ਦਿੱਤੇ ਸਨ। ਪੁਲਿਸ ਨੇ ਦੱਸਿਆ ਕਿ ਇਸ ਵਿਅਕਤੀ ਅਤੇ ਉਸ ਦੇ 56 ਸਾਲਾ ਬਾਪ ਜਿਸ ਦਾ ਆਪਣਾ ਹੈਡਨ ਕਨਵੀਨੀਐਂਸ ਸਟੋਰ ਹੈ ਵਿਖੇ ਲੜਕੀਆਂ ਦੀ ਪੱਤ ਲੁੱਟੀ ਸੀ। ਪੁਲਿਸ ਨੇ ਦੋਸ਼ ਲਗਾਇਆ ਕਿ ਦੋਵੇਂ ਜਣੇ ਦਸੰਬਰ ਤੋਂ ਲੈ ਕੇ ਮਈ ਮਹੀਨੇ ਤਕ ਕਈ ਕਿਸ਼ੋਰ ਲੜਕੀਆਂ ਨੂੰ ਨਸ਼ੀਲੇ ਪਦਾਰਥ ਅਤੇ ਸ਼ਰਾਬ ਮੁਹੱਈਆ ਕਰਕੇ ਉਨ੍ਹਾਂ ਦਾ ਜਿਣਸੀ ਸੋਸ਼ਣ ਕਰਦੇ ਰਹੇ। ਪੁਲਿਸ ਨੇ ਦੱਸਿਆ ਕਿ 16 ਸਾਲ ਤੋਂ ਘੱਟ ਉਮਰ ਹੋਣ ਕਾਰਨ ਲੜਕੀਆਂ ਹਮਬਿਸਤਰ ਹੋਣ ਲਈ ਸਹਿਮਤ ਨਹੀਂ ਸੀ ਹੋ ਸਕਦੀਆਂ ਜਿਸ ਕਾਰਨ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ। 24 ਸਾਲਾ ਪੁੱਤਰ ਸੁਮਿਤ ਵਾਲੀਆਂ 20 ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਉਸ ਦਾ 56 ਸਾਲਾ ਬਾਪ ਗੁਰਪ੍ਰਤਾਪ ਸਿੰਘ ਵਾਲੀਆਂ ਖਿਲਾਫ ਵੀ ਜਿਣਸੀ ਹਮਲੇ, ਨਾਬਾਲਗ ਨਾਲ ਜਿਣਸੀ ਸਬੰਧ ਬਣਾਉਣ ਅਤੇ ਮਨਾਹੀ ਵਾਲਾ ਤੰਬਾਕੂ ਵੇਚਣ ਦੇ ਦੋਸ਼ ਲਗਾਏ ਗਏ ਹਨ।

## ਭੰਨਤੋੜ ਤੋਂ ਦੋ ਸਾਲ ਬਾਅਦ ਮਹਾਰਾਣੀ ਐਲਿਜ਼ਾਬੈਥ ਦਾ ਬੁੱਤ ਮੁਰੰਮਤ ਕਰਨ ਪਿੱਛੋਂ ਸਥਾਪਤ

ਵਿਨੀਪੈਗ-ਮਹਾਰਾਣੀ ਐਲਿਜ਼ਾਬੈਥ ਦਾ ਕਾਂਸੀ ਦਾ ਬੁੱਤ ਜਿਸ ਨੂੰ ਦੋ ਸਾਲ ਪਹਿਲਾਂ ਮੁਜ਼ਾਹਰਾਕਾਰੀਆਂ ਨੇ ਪੁੱਟ ਕੇ ਨੁਕਸਾਨ ਪਹੁੰਚਾਇਆ ਸੀ ਨੂੰ ਲੰਬੀ ਮੁਰੰਮਤ ਪਿੱਛੋਂ ਮੁੜ ਮਨੀਟੋਬਾ ਲੈਜਿਸਲੇਚਰ ਦੇ ਮੈਦਾਨਾਂ ਵਿਚ ਸਥਾਪਤ ਕਰ ਦਿੱਤਾ ਗਿਆ ਹੈ। ਬ੍ਰਿਟਿਸ਼ ਕੋਲੰਬੀਆ ਵਿਚ ਕੈਮਲੂਪਸ ਦੇ ਇਕ ਸਾਬਕਾ ਰੈਜ਼ੀਡੈਂਸ਼ਲ ਸਕੂਲ ਵਿਚ ਸ਼ੱਕੀ ਨਿਸ਼ਾਨ ਰਹਿਤ ਕਬਰਾਂ ਮਿਲਣ ਪਿੱਛੋਂ ਮੁਜ਼ਾਹਰਾਕਾਰੀਆਂ ਨੇ 2021 ਵਿਚ ਕੈਨੇਡਾ ਦਿਵਸ 'ਤੇ ਲਗਪਗ ਤਿੰਨ ਮੀਟਰ ਲੰਬੇ ਬੁੱਤ ਨੂੰ ਪੁੱਟ ਕੇ ਜ਼ਮੀਨ 'ਤੇ ਸੁੱਟ ਦਿੱਤਾ ਸੀ। ਜ਼ਮੀਨ 'ਤੇ ਡਿਗਣ ਕਾਰਨ ਬੁੱਤ ਦਾ ਚਿਹਰਾ ਅੰਦਰ ਨੂੰ ਧਸ ਗਿਆ ਸੀ ਅਤੇ ਬਾਹਾਂ ਖੁਰਚੀਆਂ ਗਈਆਂ ਸਨ। ਬੁੱਤ ਦਾ ਆਧਾਰ ਵੀ ਟੇਢਾ ਹੋ ਗਿਆ ਸੀ।

SUNNYSANGHA • PERSONALREALESTATECORPORATION

14317 31A AVENUE, SURREY





Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

#92 15111 EDMUND DRIVE




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

UNIT 2808 13615 FRASER HWY




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

LOT B 20444 46A AVENUE, LANGLEY




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

LOT A 33734 MAYFAIR AVENUE, SURREY

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA Personal Real Estate Corporation

CENTURY 21

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਸ਼ਰਾਬ ਤੇ ਤੁਹਾਡੀ ਸਿਹਤ



### ਸ਼ਰਾਬ ਪੀਣ ਦੀ ਆਦਤ

1. ਤੁਸੀਂ ਸ਼ਰਾਬ ਛੱਡਣਾ ਚਾਹੁੰਦੇ, ਪਰ ਛੱਡ ਨਹੀਂ ਸਕਦੇ।
2. ਤੁਸੀਂ ਸ਼ਰਾਬੀ ਹੋਣ ਲਈ ਹੋਰ ਵੱਧ ਸ਼ਰਾਬ ਦਾ ਸੇਵਨ ਕਰਦੇ ਹੋ।
3. ਤੁਸੀਂ ਸ਼ਰਾਬ ਦਾ ਸੇਵਨ ਨਹੀਂ ਕੀਤਾ ਹੁੰਦਾ ਤਾਂ ਤੁਸੀਂ ਉਤਾਵਲਾਪਨ, ਬਹੁਤ ਜ਼ਿਆਦਾ ਪਸੀਨਾ ਆਉਣਾ ਅਤੇ ਪੇਟ ਵਿੱਚ ਗੜਬੜੀ ਮਹਿਸੂਸ ਕਰਦੇ ਹੋ।
4. ਇਸ ਨਾਲ ਤੁਹਾਡੀ ਨੌਕਰੀ ਅਤੇ ਰੋਜ਼ਾਨਾ ਦੇ ਕੰਮਾਂ 'ਤੇ ਅਸਰ ਪੈਂਦਾ ਹੈ ।
5. ਤੁਸੀਂ ਲਗਾਤਾਰ ਸ਼ਰਾਬ ਪੀਂਦੇ ਰਹਿੰਦੇ ਹੋ, ਜਦੋਂ ਕਿ ਤੁਹਾਨੂੰ ਪਤਾ ਹੈ ਕਿ ਇਹ ਸਿਹਤ ਲਈ ਹਾਨੀਕਾਰਕ ਹੈ।

### ਸ਼ੁਰੂਆਤੀ ਚਿਤਾਵਨੀ ਦੇ ਨਿਸ਼ਾਨ

1. ਤੁਸੀਂ ਸਵੇਰੇ ਜਾਂ ਏਕਾਂਤ ਵਿੱਚ ਸ਼ਰਾਬ ਪੀਂਦੇ ਹੋ।
2. ਤੁਸੀਂ ਸ਼ਰਾਬ ਪੀਣ ਤੋਂ ਬਾਅਦ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਦੇ ਹੋ।
3. ਬਹੁਤ ਜ਼ਿਆਦਾ ਸ਼ਰਾਬ ਪੀਣ ਤੋਂ ਬਾਅਦ ਤੁਹਾਨੂੰ ਉਸ ਸਮੇਂ ਦੀਆਂ ਗੱਲਾਂ ਬਾਅਦ ਵਿੱਚ ਯਾਦ ਨਹੀਂ ਰਹਿੰਦੀਆਂ।
4. ਸ਼ਰਾਬ ਪੀਣ ਲਈ ਬਹਾਨੇ ਲੱਭਣੇ।

### ਪਰਿਵਾਰਿਕ ਅਤੇ ਸਮਾਜਿਕ ਪਰੇਸ਼ਾਨੀਆਂ

1. ਘਰ ਅਤੇ ਬਾਹਰ ਤੁਹਾਡੇ ਰਿਸ਼ਤਿਆਂ 'ਤੇ ਮਾੜਾ ਪ੍ਰਭਾਵ ਪੈਣਾ।
2. ਕੰਮ ਨੂੰ ਭੁੱਲਣਾ।
3. ਝਗੜੇ ਕਾਰਨ ਕਾਨੂੰਨੀ ਮੁੱਦੇ ਪੈਦਾ ਹੋਣੇ।
4. ਸ਼ਰਾਬ ਪੀਣ ਤੋਂ ਬਾਅਦ ਗੱਡੀ ਚਲਾਉਣ ਕਾਰਨ ਹਾਦਸੇ ਹੋਣੇ।

### ਸਿਹਤ ਦੀਆਂ ਸਮੱਸਿਆਵਾਂ

1. ਜਿਗਰ ਦਾ ਕੰਮ ਕਰਨਾ ਬੰਦ ਹੋਣਾ।
2. ਮਾਨਸਿਕ ਤਣਾਓ ਅਤੇ ਨਿਰਾਸ਼ਾ।
3. ਨਸਾਂ ਨੂੰ ਨੁਕਸਾਨ ਪਹੁੰਚਣਾ (ਦਰਦ ਵਾਲੀ ਨਸਾਂ ਦੀ ਬਿਮਾਰੀ)।
4. ਦਿਲ ਦਾ ਫ਼ੇਲ੍ਹ ਹੋਣਾ।
5. ਪੇਟ ਦਾ ਫੋੜਾ (ਅਲਸਰ)।

## ਸ਼ਰਾਬ ਕਿਵੇਂ ਛੱਡੀ ਜਾ ਸਕਦੀ ਹੈ

ਜਿਹੜੇ ਲੋਕ ਸ਼ਰਾਬ 'ਤੇ ਨਿਰਭਰ ਰਹਿੰਦੇ ਹਨ, ਉਹਨਾਂ ਨੂੰ ਪਰਿਵਾਰ ਅਤੇ ਦੋਸਤਾਂ ਮਿੱਤਰਾਂ ਦੀ ਮੱਦਦ ਦੀ ਜ਼ਰੂਰਤ ਹੁੰਦੀ ਹੈ। ਸਭ ਤੋਂ ਪਹਿਲਾਂ ਵਿਅਕਤੀ ਆਪਣੇ ਡਾਕਟਰ ਕੋਲ ਜਾ ਕੇ ਆਪਣਾ ਜਿਗਰ, ਦਿਲ ਅਤੇ ਹੋਰ ਮੈਡੀਕਲ ਚੈੱਕਅੱਪ ਕਰਵਾਉਣਾ ਚਾਹੀਦਾ ਹੈ। ਇਸ ਤੋਂ ਬਾਅਦ ਦਵਾਈਆਂ ਨਾਲ ਸ਼ਰਾਬ ਦਾ ਜ਼ਹਿਰੀਲਾਪਣ ਦੂਰ ਕਰਨਾ ਚਾਹੀਦਾ ਹੈ ਜਾਂ ਹਸਪਤਾਲ ਵਿੱਚ ਦਾਖ਼ਲ ਹੋਣਾ ਚਾਹੀਦਾ ਹੈ। ਜ਼ਹਿਰੀਲਾਪਣ ਦੂਰ ਹੋਣ ਤੋਂ ਬਾਅਦ, ਅਜਿਹੇ ਵਿਅਕਤੀ ਨੂੰ ਆਪਣੇ ਜੀਵਨ ਵਿੱਚ ਘਰ ਅਤੇ ਕੰਮ ਦੇ ਸਥਾਨ 'ਤੇ ਪਰਿਵਾਰ ਅਤੇ ਦੋਸਤਾਂ-ਮਿੱਤਰਾਂ ਦੀ ਪੂਰੀ ਮੱਦਦ ਦੀ ਲੋੜ ਹੁੰਦੀ ਹੈ। ਦੁਬਾਰਾ ਸ਼ਰਾਬ ਦੀ ਆਦਤ ਨਾ ਸ਼ੁਰੂ ਕਰਨ ਲਈ, ਵਿਅਕਤੀ ਨੂੰ ਦਿਮਾਗੀ ਤੌਰ 'ਤੇ ਮਜ਼ਬੂਤ ਬਣਾਉਣ ਵਿੱਚ ਧਾਰਮਿਕ ਕੰਮ ਬਹੁਤ ਸਹਾਈ ਹੁੰਦੇ ਹਨ।

ਸ਼ਰਾਬ ਪੀਣਾ ਇੱਕ ਸਮਾਜਿਕ ਅਤੇ ਮੈਡੀਕਲ ਸਮੱਸਿਆ ਹੈ। ਸ਼ਰਾਬ ਤੁਹਾਡੇ ਫ਼ੈਸਲਿਆਂ ਅਤੇ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਹ ਪਰਿਵਾਰਿਕ, ਸਮਾਜਿਕ, ਕਾਨੂੰਨੀ ਅਤੇ ਸਿਹਤ ਨਾਲ ਸੰਬੰਧਿਤ ਸਮੱਸਿਆਵਾਂ ਦਾ ਕਾਰਨ ਬਣਦੀ ਹੈ।

## ਬੈਂਕ ਆਫ ਕੈਨੇਡਾ ਵਲੋਂ ਵਿਆਜ਼ ਦਰਾਂ ਵਿਚ ਮੁੜ ਵਾਧਾ

### ਘਰਾਂ ਦੀ ਮਾਰਕੀਟ ਉਪਰ ਬੁਰਾ ਪ੍ਰਭਾਵ ਪੈਣ ਦਾ ਖਦਸ਼ਾ-ਭੁੱਲਰ

ਐਬਟਸਫੋਰਡ-ਉਘੇ ਮੌਰਟਗੇਜ਼ ਬਰੋਕਰ ਸਤਬੀਰ ਸਿੰਘ ਭੁੱਲਰ ਨੇ ਜਾਣਕਾਰੀ ਦਿੱਤੀ ਹੈ ਕਿ ਬੈਂਕ ਆਫ਼ ਕੈਨੇਡਾ ਨੇ ਫਿਰ ਤੋਂ ਵਿਆਜ ਦਰਾਂ ਵਿਚ 25 ਫ਼ੀਸਦ ਅੰਕਾਂ ਦਾ ਵਾਧਾ ਕੀਤਾ ਹੈ। ਉਹਨਾਂ ਦੇਸ ਪ੍ਰਦੇਸ ਨੂੰ ਭੇਜੀ ਜਾਣਕਾਰੀ ਵਿਚ ਦੱਸਿਆ ਹੈ ਕਿ ਬੁੱਧਵਾਰ ਨੂੰ ਬੈਂਕ ਆਫ ਕੈਨੇਡਾ ਵਲੋਂ ਆਏ ਨਵੇਂ ਐਲਾਨ ਵਿਚ ਕੇਂਦਰੀ ਬੈਂਕ ਦੀ ਵਿਆਜ ਦਰ 4.5% ਤੋਂ ਵਧ ਕੇ 4.75% ਹੋ ਗਈ ਹੈ, ਜੋ ਕਿ ਅਪ੍ਰੈਲ 2001 ਤੋਂ ਬਾਅਦ ਸਭ ਤੋਂ ਵੱਧ ਹੈ।ਵਰਨਣਯੋਗ ਹੈ ਕਿ ਬੈਂਕ ਨੇ ਜਨਵਰੀ ਦੌਰਾਨ ਵਿਆਜ ਦਰ ਨੂੰ ਵਧਾ ਕੇ 4.5% ਕੀਤਾ ਸੀ ਅਤੇ ਉਸਤੋਂ ਬਾਅਦ ਮਾਰਚ ਅਤੇ ਅਪ੍ਰੈਲ ਵਿਚ ਵਿਆਜ ਦਰਾਂ ਇਸੇ ਪੱਧਰ 'ਤੇ ਬਰਕਰਾਰ ਰੱਖੀਆਂ ਸਨ। ਮੌਰਟਗੇਜ਼ ਮਾਹਿਰ ਭੁੱਲਰ ਮੁਤਾਬਿਕ ਵਿਆਜ ਦਰਾਂ ਵਿਚ ਇਸ ਵਾਧੇ ਨਾਲ ਘਰਾਂ ਦੀ ਮਾਰਕੀਟ ਤੇ ਮਾੜਾ ਅਸ਼ਰ ਪੈ ਸਕਦਾ ਹੈ ਜਦੋਂਕਿ ਪਹਿਲਾਂ ਹੀ ਕਨੇਡਾ ਵਿੱਚ ਮੰਦੀ ਦਾ ਦੌਰ ਚੱਲ ਰਿਹਾ ਹੈ ।









# ਘਰੇਲੂ ਫ਼ਸਟ ਏਡ ਕਿੱਟ




ਡਾ. ਗੁਰਪ੍ਰੀਤ ਧੁੱਗਾ

ਛੋਟੀਆਂ-ਮੋਟੀਆਂ ਸੱਟਾਂ ਜਾਂ ਆਮ ਬਿਮਾਰੀਆਂ ਦੀ ਮੁੱਢਲੀ ਦੇਖ-ਭਾਲ ਲਈ ਹਰ ਘਰ ਵਿੱਚ ਫ਼ਸਟ ਏਡ ਕਿੱਟ ਦਾ ਹੋਣਾ ਲਾਜ਼ਮੀ ਹੈ। ਘਰੇਲੂ ਫ਼ਸਟ ਏਡ ਕਿੱਟ ਵਿੱਚ ਹੇਠ ਲਿਖੀਆਂ ਵਸਤਾਂ ਰੱਖ ਸਕਦੇ ਹੋ:—

### ਦਵਾਈਆਂ

1. ਬੁਖ਼ਾਰ ਅਤੇ ਦਰਦ ਲਈ ਐਸੀਟਾਮਿਨੋਫ਼ਿਨ।
2. ਸਨਬਰਨ (ਸੂਰਜੀ ਤਪਸ਼) ਲਈ ਐਲੋਵੇਰਾ ਜੈੱਲ।
3. ਜ਼ਖ਼ਮਾਂ ਲਈ ਐਂਟੀਬਾਇਓਟਿਕ ਮੱਲ੍ਹਮ।
4. ਪੇਟ ਵਿੱਚ ਗੈਸ ਅਤੇ ਤੇਜ਼ਾਬ ਲਈ ਐਂਟੀ-ਐਸਿਡ ਦਵਾਈ।
5. ਡਾਇਰੀਆ ਰੋਕਣ ਲਈ ਦਵਾਈਆਂ।
6. ਖ਼ਾਰਸ਼ ਲਈ ਕੈਲੇਮਾਈਨ ਲੋਸ਼ਨ।
7. ਰੈਸ਼ ਲਈ ਹਾਈਡ੍ਰੋਕੌਰਟੀਸੋਨ ਕਰੀਮ।




8. ਐਲਰਜੀ ਦੀ ਦਵਾਈ।
9. ਰੀ-ਹਾਈਡ੍ਰੇਸ਼ਨ ਪੈਕੇਟ (ਸਰੀਰ ਵਿੱਚ ਪਾਣੀ ਦੀ ਘਾਟ ਪੂਰਾ ਕਰਨ ਲਈ)।

### ਸਪਲਾਈ

1. ਐਂਟੀਸੈਪਟਿਕ ਵਾਈਪ (ਜ਼ਖ਼ਮ ਸਾਫ਼ ਕਰਨ ਲਈ)।
2. ਪੱਟੀਆਂ ਅਤੇ ਰੂੰਈ ਦੇ ਫੰਬੇ।
3. ਦਸਤਾਨੇ (ਗਲਵਜ਼)।
4. ਸਪ੍ਰੇਨ/ਸਟ੍ਰੇਨ (ਖਿਚਾਓ/ਮੋਚ) ਦੇ ਲਈ ਇਲਾਸਟਿਕ ਦੀ ਪੱਟੀ (ਕਰੇਪ ਬੈਂਡੇਜ਼)।
5. ਹੈਂਡ ਸੈਨੇਟਾਈਜ਼ਰ (ਹੱਥਾਂ ਦੀ ਸਫ਼ਾਈ ਲਈ)।
6. ਕੀੜੇ-ਮਕੌੜੇ ਅਤੇ ਮੱਛਰ ਮਾਰਨ ਵਾਲੇ ਸਪਰੇਅ।
7. ਸੂਰਜ ਦੀ ਧੁੱਪ ਤੋਂ ਚਮੜੀ ਦੇ ਬਚਾਓ ਲਈ ਲੋਸ਼ਨ।

### ਔਜ਼ਾਰ

1. ਟੌਰਚ।
2. ਕੈਂਚੀ।
3. ਥਰਮਾਮੀਟਰ।
4. ਮੋਚਣਾ (ਕੰਡੇ ਵਗੈਰਾ ਕੱਢਣ ਲਈ)।
5. ਬਕਸੂਏ (ਸੇਫ਼ਟੀ ਪਿੰਨ)।


ਘਰੇਲੂ ਫ਼ਸਟ ਏਡ ਕਿੱਟ

ਛੋਟੀਆਂ-ਮੋਟੀਆਂ ਸੱਟਾਂ ਜਾਂ ਆਮ ਬਿਮਾਰੀਆਂ ਦੀ ਮੁੱਢਲੀ ਦੇਖ-ਭਾਲ ਲਈ ਹਰ ਘਰ ਵਿੱਚ ਫ਼ਸਟ ਏਡ ਕਿੱਟ ਦਾ ਹੋਣਾ ਲਾਜ਼ਮੀ ਹੈ। ਘਰੇਲੂ ਫ਼ਸਟ ਏਡ ਕਿੱਟ ਵਿੱਚ ਹੇਠ ਲਿਖੀਆਂ ਵਸਤਾਂ ਰੱਖ ਸਕਦੇ ਹੋ:

ਦਵਾਈਆਂ

1. ਬੁਖ਼ਾਰ ਅਤੇ ਦਰਦ ਲਈ ਐਸੀਟਾਮਿਨੋਫ਼ਿਨ।
2. ਸਨਬਰਨ (ਸੂਰਜੀ ਤਪਸ਼) ਲਈ ਐਲੋਵੇਰਾ ਜੈੱਲ।
3. ਜ਼ਖ਼ਮਾਂ ਲਈ ਐਂਟੀਬਾਇਓਟਿਕ ਮੱਲ੍ਹਮ।
4. ਪੇਟ ਵਿੱਚ ਗੈਸ ਅਤੇ ਤੇਜ਼ਾਬ ਲਈ ਐਂਟੀ-ਐਸਿਡ ਦਵਾਈ।
5. ਡਾਇਰੀਆ ਰੋਕਣ ਲਈ ਦਵਾਈਆਂ।
6. ਖ਼ਾਰਸ਼ ਲਈ ਕੈਲੇਮਾਈਨ ਲੋਸ਼ਨ।
7. ਰੈਸ਼ ਲਈ ਹਾਈਡ੍ਰੋਕੌਰਟੀਸੋਨ ਕਰੀਮ।
8. ਐਲਰਜੀ ਦੀ ਦਵਾਈ।
9. ਰੀ-ਹਾਈਡ੍ਰੇਸ਼ਨ ਪੈਕੇਟ (ਸਰੀਰ ਵਿੱਚ ਪਾਣੀ ਦੀ ਘਾਟ ਪੂਰਾ ਕਰਨ ਲਈ)।

ਸਪਲਾਈ

1. ਐਂਟੀਸੈਪਟਿਕ ਵਾਈਪ (ਜ਼ਖ਼ਮ ਸਾਫ਼ ਕਰਨ ਲਈ)।
2. ਪੱਟੀਆਂ ਅਤੇ ਰੂੰਈ ਦੇ ਫੰਬੇ।
3. ਦਸਤਾਨੇ (ਗਲਵਜ਼)।
4. ਸਪ੍ਰੇਨ/ਸਟ੍ਰੇਨ (ਖਿਚਾਓ/ਮੋਚ) ਦੇ ਲਈ ਇਲਾਸਟਿਕ ਦੀ ਪੱਟੀ (ਕਰੇਪ ਬੈਂਡੇਜ਼)।
5. ਹੈਂਡ ਸੈਨੇਟਾਈਜ਼ਰ (ਹੱਥਾਂ ਦੀ ਸਫ਼ਾਈ ਲਈ)।
6. ਕੀੜੇ-ਮਕੌੜੇ ਅਤੇ ਮੱਛਰ ਮਾਰਨ ਵਾਲੇ ਸਪਰੇਅ।
7. ਸੂਰਜ ਦੀ ਧੁੱਪ ਤੋਂ ਚਮੜੀ ਦੇ ਬਚਾਓ ਲਈ ਲੋਸ਼ਨ।

ਔਜ਼ਾਰ

1. ਟੌਰਚ।
2. ਕੈਂਚੀ।
3. ਥਰਮਾਮੀਟਰ।
4. ਮੋਚਣਾ (ਕੰਡੇ ਵਗੈਰਾ ਕੱਢਣ ਲਈ)।
5. ਬਕਸੂਏ (ਸੇਫ਼ਟੀ ਪਿੰਨ)।


## ਐਮਰਜੈਂਸੀ ਸਮੇਂ ਤੁਹਾਡੀ ਜ਼ੁੰਮੇਵਾਰੀ

### ਐਮਰਜੈਂਸੀ ਫੋਨ ਨੰਬਰ

1. ਐਂਬੂਲੈਂਸ ਦਾ ਫੋਨ ਨੰਬਰ :-911 ਯੂ.ਐੱਸ.ਏ. ਵਿੱਚ, 108 ਭਾਰਤ ਵਿੱਚ।
   ਹੋਰ ਸਥਾਨਕ ਫੋਨ ਨੰਬਰ :......................।
2. ਨੇੜੇ ਦੇ ਹਸਪਤਾਲ ਦਾ ਫੋਨ ਨੰਬਰ :..............।
3. ਜ਼ਹਿਰ ਕੰਟਰੋਲ ਦਾ ਫੋਨ ਨੰਬਰ ..............।
4. ਸਥਾਨਕ ਪੁਲਿਸ ..............।
5. ਫ਼ਾਇਰ-ਬ੍ਰਿਗੇਡ ਦਾ ਫੋਨ ਨੰਬਰ ..............।

### ਐਮਰਜੈਂਸੀ ਸਮੇਂ

1. ਸ਼ਾਂਤ ਰਹੋ: ਜ਼ਿਆਦਾ ਘਬਰਾਹਟ ਦੇਰੀ ਦਾ ਕਾਰਨ ਬਣਦੀ ਹੈ ਅਤੇ ਪੀੜਤ ਵਿਅਕਤੀ ਹੋਰ ਚਿੰਤਤ ਹੋ ਜਾਂਦਾ ਹੈ।
2. ਤਿਆਰ ਰੱਖੋ:
   * ਘਟਨਾ ਦੇ ਸਥਾਨ ਦਾ ਸੰਖੇਪ ਵੇਰਵਾ।
   * ਘਟਨਾ ਬਾਰੇ ਮੁੱਢਲੀ ਅਤੇ ਸੰਖੇਪ ਜਾਣਕਾਰੀ।
   * ਪੀੜਤ ਵਿਅਕਤੀ ਦੀ ਉਮਰ ਅਤੇ ਲਿੰਗ।
   * ਤੁਹਾਡਾ ਨਾਮ ਅਤੇ ਫੋਨ ਨੰਬਰ।


ROHITA PANNU
LAW CORPORATION
BARRISTER & SOLICITOR




SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




### ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ
604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਕਈ ਇਲਾਕੇ ਸਰ ਕਰਕੇ ਸ਼ੇਰੇ ਪੰਜਾਬ 4 ਦਸੰਬਰ 1807 ਨੂੰ ਲਹੌਰ ਮੁੜੇ

2056 ਨਰਾਇਣ ਗੜ੍ਹ ਦਾ ਕਿਲ੍ਹਾ ਸਰ ਕਰਕੇ, ਠਾਕਰ ਕਿਸਨ ਸਿੰਘ ਨੂੰ ਉੱਥੋਂ ਭਜਾਇਆ ਏ।
ਆਹਲੂਵਾਲੀਏ ਫ਼ਤਿਹ ਸਿੰਘ ਤਾਈਂ, ਇਹ ਇਲਾਕਾ ਸਰਕਾਰ ਸੰਭਾਇਆ ਏ।
ਨੁਸ਼ੈਰਾ, ਮੋਰਿੰਡਾ, ਬਹਿਲੋਲਪੁਰ ਸਰ ਕਰਕੇ, ਸਿੱਖ ਰਾਜ ਦੇ ਵਿੱਚ ਮਿਲਾਇਆ ਏ।
ਪੂਰੇ ਕਰਕੇ ਕਾਜ ਹਰਚੰਦ ਸਿੰਘਾ, ਸ਼ੇਰੇ ਪੰਜਾਬ ਲਹੌਰ ਵਿੱਚ ਆਇਆ ਏ॥
2057 ਇਨ੍ਹਾਂ ਦਿਨਾਂ ਦੇ ਵਿੱਚ ਹੀ ਹੋਰ ਖੁਸ਼ੀ, ਦੱਸਣ ਵਾਲਿਆਂ, ਆਣ ਸਰਕਾਰ ਦਿੱਤੀ।
ਮਹਾਂਰਾਣੀ ਮਹਿਤਾਬ ਕੌਰ ਦੀ ਕੁੱਖ ਵਿੱਚੋਂ, ਜੋੜੀ ਪੁੱਤਾਂ ਦੀ ਸੱਤ ਕਰਤਾਰ ਦਿੱਤੀ।
'ਸ਼ੇਰ ਸਿੰਘ' 'ਤਾਰਾ ਸਿੰਘ' ਨਾਮ ਰੱਖੇ, ਮਾਇਆ ਪੁੱਤਰਾਂ ਉੱਤੋਂ ਵਾਰ ਦਿੱਤੀ।
ਹਰਚੰਦ ਸਿੰਘਾ ਔਲਾਦ ਦਾ ਜੱਗ ਭੁੱਖਾ, ਸ਼ੇਰੇ ਪੰਜਾਬ ਦੀ ਹਿੱਕੜੀ ਠਾਰ ਦਿੱਤੀ॥

### ਪਹਾੜੀ ਰਾਜਿਆਂ ਨੂੰ ਸਿੱਖ ਰਾਜ ਵਿੱਚ ਸ਼ਾਮਲ ਕਰਨਾ

2058 ਖੁਸ਼ੀ ਮਨਾ ਕੇ ਜੌੜੇ ਪੁੱਤਰਾਂ ਦੀ, ਪਹਾੜਾਂ ਵੱਲ ਨੂੰ ਰੁੱਖ ਸਰਕਾਰ ਕੀਤਾ।
ਪਠਾਣਕੋਟ ਨੂੰ ਪਹਿਲਾਂ ਸਰ ਕਰਕੇ, ਸਿੱਖ ਰਾਜ ਦੇ ਵਿੱਚ ਸੁਮਾਰ ਕੀਤਾ।
ਜਸਰੌਤੇ ਕਿਲ੍ਹੇ ਵੱਲ ਜਦ ਫ਼ੌਜ ਹੋਈ, ਰਾਜੇ ਸਰਕਾਰ ਨੂੰ ਆ ਨਮਸਕਾਰ ਕੀਤਾ।
ਚੰਬੇ-ਬਸੌਲੀ ਨੇ ਮੰਨੀ ਈਨੇ ਆ ਕੇ, ਹਰਚੰਦ ਸਿੰਘ ਨਜ਼ਰਾਨਾ ਤਾਰ ਕੀਤਾ॥
2059 ਖ਼ਿਲਤਾਂ ਦਿੱਤੀਆਂ ਸਰਕਾਰ ਨੇ ਰਾਜਿਆਂ ਨੂੰ, ਖੁਸ਼ ਹੋ ਕੇ ਕੀਤਾ ਸਨਮਾਨ ਭਾਈ।
ਰਾਜ ਉਨ੍ਹਾਂ ਦੇ ਉਨ੍ਹਾਂ ਨੂੰ ਸੌਂਪ ਦਿੱਤੇ, ਸਿੱਖ ਰਾਜ ਵਿੱਚ ਕਰੇ ਪਰਵਾਨ ਭਾਈ।
ਦੁੱਖ ਦਿੱਤੇ ਪਹਾੜੀਆਂ ਗੁਰਾਂ ਤਾਈਂ, ਪਰ ਸਰਕਾਰ ਨਾ ਕੀਤਾ ਹਾਣ ਭਾਈ।
ਹਰਚੰਦ ਸਿੰਘਾ ਚੰਗੀ ਭਾਵਨਾ ਨੇ, ਰਣਜੀਤ ਸਿੰਘ ਨੂੰ ਕੀਤਾ ਮਹਾਨ ਭਾਈ॥

### ਸ਼ੇਰੇ ਪੰਜਾਬ ਨੇ ਵਾਰਸ਼ਕ ਦਰਬਾਰ ਕਰਨਾ

2060 ਸ਼ੇਰੇ ਪੰਜਾਬ ਨੇ ਸਰ ਇਹ ਰਾਜ ਕਰਕੇ, ਸਲਾਨਾ ਦਰਬਾਰ ਆਣ ਕੇ ਲਾਇਆ ਏ।
ਸਰਦਾਰਾਂ, ਨਵਾਬਾਂ ਤੇ ਰਾਜਿਆਂ ਨੂੰ, ਸੱਦਾ ਦੇ ਕੇ ਕੋਲ ਬੁਲਾਇਆ ਏ।
ਕੌਣ ਨਾਲ ਤੇ ਕੌਣ ਹੈ ਦੂਰ ਹੋਇਆ, ਪਤਾ ਕਰਨ ਲਈ ਖੇਲ ਰਚਾਇਆ ਏ।
ਜੋ ਆਏ ਖੁਸ਼ੀਆਂ ਲੈ ਮੁੜੇ, ਹਰਚੰਦ ਸਿੰਘਾ ਮਾਣ ਕਰਾਇਆ ਏ॥

### ਸ: ਜੀਵਨ ਸਿੰਘ ਸਿਆਲਕੋਟੀ ਅਤੇ ਸ: ਸਾਹਿਬ ਸਿੰਘ ਗੁਜਰਾਤੀ ਦਰਬਾਰ ਵਿੱਚ ਹਾਜ਼ਰ ਨਾ ਹੋਏ

2061 ਸਰ ਕਰਨ ਲਈ ਬਾਕੀ ਪਹਾੜੀਆਂ ਨੂੰ, ਮੋਹਕਮ ਚੰਦ ਨੂੰ ਲਿਸਟ ਫੜ੍ਹਾ ਦਿੱਤੀ।
ਪਤਾ ਕਰਨ ਲਈ ਦੋਵੇਂ ਸਰਦਾਰਾਂ ਦਾ, ਸਰਕਾਰ ਆਪਣੀ ਫ਼ੌਜ ਚੜ੍ਹਾ ਦਿੱਤੀ।
ਸਿਆਲਕੋਟ ਦੇ ਕਿਲ੍ਹੇ ਦੇ ਗਿਰਦ ਜਾ ਕੇ, ਘੇਰਾ ਪਾ ਕੇ ਫ਼ੌਜ ਖੜ੍ਹਾ ਦਿੱਤੀ।
ਹਰਚੰਦ ਸਿੰਘਾ ਸੜਿਆ ਸਰਦਾਰ ਬੈਠਾ, ਉਸ ਕਿਲ੍ਹੇ 'ਚੋਂ ਅੱਗ ਵਰ੍ਹਾ ਦਿੱਤੀ॥
2062 ਤਿੰਨ ਦਿਨ ਸੀ ਤੋਪਾਂ ਗੜਗੱਜ ਪਾਈ, ਪਈ ਹੋਏ ਗੜੰਮ ਗੜੰਮ ਬੇਲੀ।
ਉਹੋ ਉੱਚੇ ਕਿਲੇ ਤੋਂ ਫਾਇਰ ਕਰਦਾ, ਗੋਲੇ ਪੈਂਦੇ ਦੜੰਮ ਦੜੰਮ ਬੇਲੀ।
ਘੋੜੇ, ਹਾਥੀ, ਊਠ, ਜਵਾਨ ਉਥੇ, ਡਿੱਗਣ ਜਿਮੀਂ ਤੇ ਧੜੰਮ ਧੜੰਮ ਬੇਲੀ।
ਹਰਚੰਦ ਸਿੰਘਾ ਅਖੀਰ ਨੂੰ ਖਾਲਸੇ ਦੇ, ਤੋਪ ਜ਼ਮ ਜ਼ਮਾ ਆਈ ਕੰਮ ਬੇਲੀ॥
2063 ਸ਼ੇਰੇ ਪੰਜਾਬ ਨੇ ਕਿਹਾ ਗੌਸ ਖਾਂ ਨੂੰ, ਤੋਪਾਂ ਬੂਹੇ ਦੇ ਅੱਗੇ ਦੇ ਲਾ ਮੀਆਂ।
ਗੋਲੇ ਦਾਗ ਤੂੰ ਲੜੀਦਾਰ ਇੱਥੋਂ, ਫੌਲਾਦੀ ਬੂਹੇ ਨੂੰ ਕਰ ਤਬਾਹ ਮੀਆਂ।
ਬੁੱਕਾਂ ਭਰ ਕੇ ਪਾ ਬਰੂਦ ਪੂਰਾ, ਦੇ ਫਸੀਲ ਕਿਲ੍ਹੇ ਦੀ ਢਾਹ ਮੀਆਂ।
ਤੇਰੇ ਅੱਗੇ ਕਿਲ੍ਹੇ ਨਾ ਟਿਕਦੇ ਨੇ, ਹਰਚੰਦ ਸਿੰਘ ਨੂੰ ਜੌਹਰ ਵਿਖਾ ਮੀਆਂ॥
2064 ਗੌਸ ਖਾਂ ਨੇ ਮਾਰੇ ਵੱਟ ਗੋਲੇ, ਬਖੀਏ ਬੂਹੇ ਦੇ ਗੋਲਿਆਂ ਖੋਲ੍ਹ ਦਿੱਤੇ।
ਕਿਲੇ ਵਿੱਚ ਜਾਣ ਲਈ ਰਾਹ ਕੀਤਾ, ਧਾਵੇ ਸਿੰਘਾਂ ਨੇ ਅੱਗੋਂ ਬੋਲ ਦਿੱਤੇ।
ਸ਼ੇਰੇ ਪੰਜਾਬ ਨੇ ਲੁੱਟ ਦਾ ਹੁਕਮ ਦਿੱਤਾ, ਦੋਖੀ ਮਾਰ ਕੇ ਧਨ ਫਰੋਲ ਦਿੱਤੇ।
ਹਰਚੰਦ ਸਿੰਘਾ ਭਰਮ ਹੈ ਭੂਤ ਭੈੜਾ, ਇਸ ਬੜੇ ਹੰਕਾਰੀ ਰੋਲ ਦਿੱਤੇ॥
2065 ਸਿਆਲਕੋਟ ਸਰਕਾਰ ਨੇ ਹੱਥ ਕਰਕੇ, ਦਲ ਗੁਜਰਾਤ ਦੇ ਵੱਲ ਵਧਾਇਆ ਏ।
ਹੱਥ ਜੋੜ ਹਾਕਮ ਗੁਜਰਾਤ ਵਾਲਾ, ਲੈ ਨਜ਼ਰਾਨੇ ਅੱਗੋਂ ਆਇਆ ਏ।
ਜਾਨ ਬਖਸ਼ੀ ਕਰ ਸਰਕਾਰ ਦਿੱਤੀ, ਹੱਥ ਕੰਨਾਂ ਨੂੰ ਆਪਣੇ ਲਾਇਆ ਏ।
ਹਰਚੰਦ ਸਿੰਘਾ ਕਵੱਲੇ ਵੱਲ ਕਰਕੇ, ਸ਼ੇਰੇ ਪੰਜਾਬ ਨੇ ਸਬਕ ਸਿਖਾਇਆ ਏ॥

### ਮਾਲਵੇ ਦੇ ਰਈਸਾਂ ਅਤੇ ਮਿਸਲਦਾਰਾਂ ਨੇ ਘਬਰਾ ਕੇ ਸਰਕਾਰ ਅੰਗਰੇਜ਼ੀ ਦੀ ਰਾਖੀ ਹੇਠ ਜਾਣ ਦਾ ਫੈਸਲਾ ਲੈਣਾ

2066 ਮੋਹਕਮ ਚੰਦ ਨੇ ਭਾਰੀਆਂ ਲੈ ਫ਼ੌਜਾਂ, ਪਹਾੜੀ ਰਾਜੇ ਸੀ ਸਭ ਨਿਭਾਅ ਦਿੱਤੇ।
ਡਰ ਸਭ ਨੂੰ ਸ਼ੇਰੇ ਪੰਜਾਬ ਦਾ ਸੀ, ਗੋਡੇ ਟੇਕ ਕੇ ਸਿਰ ਝੁਕਾ ਦਿੱਤੇ।
ਮੋਹਕਮ ਚੰਦ ਨੇ ਚਿੱਤ ਕਠੋਰ ਕੀਤਾ, ਤਰਥੱਲ ਪਾ ਕੇ ਮੂੰਹ ਸੁਕਾ ਦਿੱਤੇ।
ਹਰਚੰਦ ਸਿੰਘਾ ਦੁਆਬਾ ਵੀ ਜਿੱਤ ਸਾਰਾ, ਖੰਡੇ ਸਤਲੁਜ ਪਾਰ ਖੜਕਾ ਦਿੱਤੇ॥
2067 ਹਨੇਰੀ ਵਾਂਗ ਸੀ ਮੋਹਕਮ ਚੰਦ ਆਉਂਦਾ, ਸਤਲੁਜ ਕਰ ਲਿਆ ਉਸਨੇ ਪਾਰ ਬੇਲੀ।
ਇਲਾਕਾ ਲੈ ਕੇ ਵੱਧ ਤੋਂ ਵੱਧ ਉਹੋ, ਖੁਸ਼ ਕਰਨੀ ਸੀ ਚਾਹੁੰਦਾ ਸਰਕਾਰ ਬੇਲੀ।
ਜਿੱਤਾਂ ਜਿੱਤ ਕੇ ਹੋ ਕਠੋਰ ਗਿਆ, ਸ਼ੇਰੇ ਪੰਜਾਬ ਨੇ ਰੱਖੀ ਨਾ ਸਾਰ ਬੇਲੀ।
ਹਰਚੰਦ ਸਿੰਘਾ ਬੜੇ ਭੈ-ਭੀਤ ਹੋਏ, ਮਾਲਵੇ ਵੱਲ ਦੇ ਸਭ ਸਰਦਾਰ ਬੇਲੀ॥
2068 ਉਨ੍ਹਾਂ ਸੋਚਿਆ ਸ਼ੇਰੇ ਪੰਜਾਬ ਨੇ ਹੀ, ਮੋਹਕਮ ਘੱਲਿਆ ਸਾਡੇ ਵੱਲ ਵੀਰੋ।
ਇਹ ਸਾਨੂੰ ਕਰਨ ਤਬਾਹ ਆਇਆ, ਜੋ ਛੋਕਰਾ ਜੰਮਿਆ ਕੱਲ ਵੀਰੋ।
ਹੁਣ ਹਿੰਦੂ ਕਰੂ ਜਲੀਲ ਸਾਨੂੰ, ਖੋਹੂ ਰਾਜ ਤੇ ਲੁੱਟੂ ਮਹੱਲ ਵੀਰੋ।
ਹਰਚੰਦ ਸਿੰਘਾ ਸਮਾਣੇ ਆਓ ਸਾਰੇ, ਕੋਈ ਸੋਚੀਏ ਬਚਨ ਦਾ ਹੱਲ ਵੀਰੋ॥

### ਕਵੀਓ ਵਾਚ

2069 ਗਲਤ ਫਹਿਮੀ ਜਿੱਥੇ ਪ੍ਰਵੇਸ਼ ਹੋਈ, ਉੱਥੇ ਆਪਣੇ ਹੁੰਦੇ ਮੈਂ ਗੈਰ ਵੇਖੇ।
ਇੱਕ ਭਾਂਡੇ ਵਿੱਚ ਜੋ ਖਾਣ ਬਹਿ ਕੇ, ਪੈਂਦੇ ਭਾਈਆਂ ਵਿੱਚ ਨੇ ਵੈਰ ਵੇਖੇ।
ਘਰ, ਪਿੰਡ, ਮਹੱਲੇ, ਕੋਟ, ਕਿਲ੍ਹੇ, ਥੇਹ ਹੋਏ ਬੜੇ ਮੈਂ ਸ਼ਹਿਰ ਵੇਖੇ।
ਹਰਚੰਦ ਸਿੰਘਾ ਮੋਤੀ ਜੋ ਦਾਨ ਕਰਦੇ, ਉਹੋ ਗਲੀਏਂ ਮੰਗਦੇ ਖੈਰ ਵੇਖੇ॥

### ਸਮਾਣੇ ਵਿੱਚ ਕੱਠੇ ਹੋ ਕੇ ਰਈਸਾਂ ਨੇ ਨਿਰਣਾ ਲੈਣਾ

2070 ਸਰਦਾਰਾਂ ਸਾਰਿਆਂ ਸਮਾਣੇ ਵਿਚਾਰ ਕੀਤੀ, ਸਾਨੂੰ ਲਾਹੌਰ ਨੇ ਲੈਣਾ ਹੜੱਪ ਭਾਈ।
ਮੋਹਕਮ ਚੰਦ ਨੇ ਦੱਬ ਦੁਆਬ ਸਾਰਾ, ਲਈ ਬੱਧਨੀ ਆ ਕੇ ਨੱਪ ਭਾਈ।
ਰਣਜੀਤ ਸਿੰਘ ਨੇ ਪਟਾਰੀ 'ਚੋਂ ਕੱਢ ਜ਼ਹਿਰੀ, ਸਾਡੇ ਵੱਲ ਨੂੰ ਛੱਡਿਆ ਸੱਪ ਭਾਈ।
ਹਰਚੰਦ ਸਿੰਘਾ ਫੂੰਕਾਰੇ ਮਾਰਦਾ ਇਹ, ਦਰਿਆ ਸਤਲੁਜ ਆਇਆ ਟੱਪ ਭਾਈ॥
2071 ਕੱਠੇ ਹੋ ਕੇ ਵੀ ਆਪਾਂ ਜੇ ਖੜ੍ਹ ਜਾਈਏ, ਸਾਡੇ ਕੋਲੋਂ ਹੋਣਾ ਨੀ ਠੱਲ ਸਿੰਘੋ।
ਪਿਉ-ਦਾਦਿਆਂ ਮਾਰਾਂ ਮਾਰੀਆਂ ਜੋ, ਇਹ ਅੱਜ ਗਈਆਂ ਕਿ ਕੱਲ ਸਿੰਘੋ।
ਅਜੇ ਸਮਾਂ ਇਸਨੂੰ ਸਾਂਭ ਲਈਏ, ਅਰਜ਼ ਕਰੀਏ ਦਿੱਲੀ ਨੂੰ ਚੱਲ ਸਿੰਘੋ।
ਹਰਚੰਦ ਸਿੰਘਾ ਅੰਗਰੇਜ਼ ਦੇ ਬੋਹੜ ਹੇਠਾਂ, ਆਪਾਂ ਲਈਏ ਛਾਵਾਂ ਮੱਲ ਸਿੰਘੋ॥
2072 ਸ਼ੇਰੇ ਪੰਜਾਬ ਦੇ ਨਾਨਕੇ ਜੀਂਦ (ਬਡਰੁੱਖੇ) ਹੋਏ, ਉਸਨੂੰ ਮਾਲਵੇ ਨਾਲ ਪਿਆਰ ਹੈ ਸੀ।
ਦੋ ਵਾਰ ਮੁਸ਼ਕਲਾਂ ਹਰਨ ਲਈ, ਪਟਿਆਲੇ ਆਈ ਚੱਲ ਸਰਕਾਰ ਹੈ ਸੀ।
ਮਾਮੇ ਪੁੱਛਿਆ ਜਾ ਕੇ ਨਾ ਭਾਣਜੇ ਨੂੰ, ਕੀ ਉਸਦੇ ਮਨ ਵਿਚਾਰ ਹੈ ਸੀ।
ਹਰਚੰਦ ਸਿੰਘਾ ਗੈਰਾਂ ਦੇ ਵੱਲ ਚੱਲੇ, ਛੱਡ ਆਪਣਾ ਰਾਜ-ਪਰਿਵਾਰ ਹੈ ਸੀ॥

### ਮਾਰਚ 1808 ਈਸਵੀ ਨੂੰ ਸ: ਭਾਗ ਸਿੰਘ ਜੀਂਦ, ਸ: ਲਾਲ ਸਿੰਘ ਕੈਂਥਲ ਤੇ ਸ: ਦੈਨ ਸਿੰਘ (ਦੀਵਾਨ ਪਟਿਆਲਾ) ਮਿਸਟਰ ਸੀਟਨ ਰੈਜੀਡੈਂਟ ਦਿੱਲੀ ਨੂੰ ਜਾ ਕੇ ਮਿਲੇ

2073 ਮਿਸਟਰ ਸੀਟਨ ਰੈਜੀਡੈਂਟ ਦਿੱਲੀ, ਉਸ ਵੇਲੇ ਅੰਗਰੇਜ਼ ਸਰਕਾਰ ਦਾ ਜੀ।
ਸਰਦਾਰਾਂ ਜਾ ਕੇ ਹਾਲ ਬਿਆਨ ਕੀਤਾ, ਸਾਨੂੰ ਡਰ ਲਾਹੌਰ ਦਾ ਮਾਰਦਾ ਜੀ।
ਸਾਨੂੰ ਆਪਦੀ ਰਾਖੀ ਦੇ ਵਿੱਚ ਰੱਖੋ, ਸਾਥ ਦਿਆਂਗੇ ਹਰ ਪ੍ਰਕਾਰ ਦਾ ਜੀ।
ਹਰਚੰਦ ਸਿੰਘਾ ਹਾਰਦੇ ਲੇਖ ਪਹਿਲਾਂ, ਬੰਦਾ ਕਦ ਕਿਸੇ ਤੋਂ ਹਾਰਦਾ ਜੀ॥

*(ਬਾਕੀ ਅਗਲੇ ਅੰਕ ਵਿਚ)*



PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਜਗਦੀਪ ਸਿੱਧੂ ਦੀਆਂ ਕਵਿਤਾਵਾਂ !



## ਫੈਲਾਅ

ਐ
ਕੁਦਰਤ !
ਮੈਂ
ਖੁੱਲ੍ਹੇ ਹੱਥਾਂ ਦੇ ਫੈਲਾਅ ਜਿੰਨਾ
ਕੁਝ ਵੀ ਨਹੀਂ ਚਾਹੁੰਦਾ
ਮੇਰੇ ਹੱਥਾਂ ਦਾ ਫੈਲਾਅ
ਬਹੁਤ ਛੋਟਾ ਕਰ ਦੇ

ਗਿੱਠ ਦੋ ਗਿੱਠ

ਜਿਸ ਵਿਚ
ਬਸ
ਇਕ ਬੱਚਾ ਆ ਸਕੇ

## ਕੋਲ-ਕੋਲ

ਜਦ
ਤੂੰ
ਮੇਰੇ ਕੋਲ ਹੁਨੀਂ ਏਂ
ਤਾਂ
ਇਕ ਥਾਉਂ ਹੁੰਨੀ ਏਂ

ਜਦ
ਨਾਨਕੇ ਜਾਂ
ਹੋਰ ਕਿਧਰੇ ਗਈ ਹੁੰਨੀ ਏਂ
ਤਾਂ
ਘਰ ਦੇ ਹਰ
ਕੋਨੇ ਵਿਚ ਹੁੰਨੀ ਏਂ
ਉੱਥੇ ਭੱਜਦੀ
ਉਥੇ ਰੁਕਦੀ

ਤਿੰਨ ਪਹੀਆ
ਸਾਈਕਿਲੀ ਚਲਾਉਂਦੀ
ਬਿੰਬ ਸਿਰਜਦੀ
ਮਾਂ, ਬਾਪ
ਬੱਚੀ

ਕੋਈ
ਅਲਮਾਰੀ, ਦਰਾਜ ਖੋਲ੍ਹਦੀ

ਉਹਨੂੰ

ਨਹੀਂ ਪਤਾ
ਸਾਂਭ ਰਹੀ ਯਾਦਾਂ
ਸਾਡੇ ਲਈ



## ਬੱਚੇ-ਅਸੀਂ

ਬੱਚੇ
ਜੋ
ਹੁਣੇ ਥੋੜ੍ਹਾ ਅਰਸਾ ਪਹਿਲਾਂ
ਦੁਨੀਆਂ 'ਤੇ ਆਏ ਸਨ

ਘਰ ਤੋਂ ਬਾਹਰ
ਜਾਣ ਈ
ਤਿਆਰ ਰਹਿੰਦੇ

ਅਸੀਂ
ਅਣਮੰਨੇ ਮਨ ਨਾਲ
ਘਰ ਤੋਂ ਬਾਹਰ ਜਾਂਦੇ ਹਾਂ

ਕਹਿੰਦਾ ਹਾਂ
ਪਤਨੀ ਨੂੰ
ਜਾਣ ਦੇ ਇਹਨਾਂ ਨੂੰ
ਇਕ ਵੇਲੇ
ਹਰ ਇਕ ਦਾ ਬਾਹਰ ਜਾਣ ਨੂੰ ਜੀਅ ਕਰਦਾ

ਇਸ ਜਾਣ ਵਿਚ
ਇਹਨਾਂ ਦਾ
ਥੋੜ੍ਹਾ-ਥੋੜ੍ਹਾ
ਏਥੇ ਰਹਿਣਾ ਵੀ
ਸ਼ਾਮਿਲ ਹੁੰਦਾ ਹੈ

## ਦੋ ਘਰ

ਗੁਆਉਣ ਤੋਂ ਵੱਧ
ਮੈਂ ਤੈਨੂੰ ਗੁਆਉਣਾ ਸੀ
ਫੇਰ ਤੂੰ
ਮੈਨੂੰ ਨਜ਼ਰ ਵੀ ਨ੍ਹੀਂ ਆਉਣਾ ਸੀ

ਹੈ ਤਾਂ ਤੂੰ ਵੀ
ਫਰੇਮ ਵਿਚ ਹੀ
ਬਸ ਮਜ਼ਬੂਰੀ ਇਹ ਹੈ
ਇਕ ਫੋਟੋ ਪਿੱਛੇ
ਦੂਜੀ ਫੋਟੋ ਛੁਪਾਉਣਾ ਸੀ

ਕਿਹਾ ਸੀ ਤੂੰ
ਖੁਸ਼ ਹੋ ਕੇ
ਆਪਾਂ ਦੋਵੇਂ ਚੰਗੇ
ਸੁੱਖ ਸ਼ਾਂਤੀ ਵਾਲਾ
ਸੋਹਣਾ ਘਰ ਵਸਾਵਾਂਗੇ

ਵੇਖ ਹੁਣ
ਸੁੱਖ ਸ਼ਾਂਤੀ ਵਾਲਾ
ਇਕ ਨਹੀਂ
ਦੋ ਘਰ ਵਸਦੇ •

# ਮੇਰੇ ਬਜ਼ੁਰਗ



ਬਲਬੀਰ ਮਾਧੋਪੁਰੀ

ਮੇਰੇ ਸੁਪਨਿਆਂ ਵਿਚ ਆ ਕੇ
ਆਪਣੇ ਸੁਪਨੇ
ਸਾਕਾਰ ਕਰਨਾ ਚਾਹੁੰਦੇ ਨੇ
ਮੇਰੇ ਬਜ਼ੁਰਗ—
ਸੋਚਦੇ ਨੇ, ਲੋਚਦੇ ਨੇ
ਆਪਣੀ ਸਭਿਅਤਾ
ਆਪਣਾ ਸੱਭਿਆਚਾਰ
ਆਪਣੀ ਧਰਤੀ ਉਤੇ
ਮਾਨਵ ਧਰਮ ਵਿਸਤਾਰ।

ਮੇਰੇ ਬਜ਼ੁਰਗ -
ਮੇਰੇ ਸੁਪਨਿਆਂ ਵਿਚ ਆ ਕੇ
ਫਿਰ ਦੇਖਣਾ ਚਾਹੁੰਦੇ
ਨਿਰੰਤਰ ਵਗਦੇ ਨਦੀਆਂ ਨਾਲੇ
ਵਣ-ਤ੍ਰਿਣ, ਖੇਤ ਹਰਿਆਲੇ
ਜੀਵ ਜੰਤੂ, ਰੁੱਖ-ਮਨੁੱਖ ਖੁਸ਼ਹਾਲੇ।

ਮੇਰੇ ਬਜ਼ੁਰਗ
ਖੇਤੀ, ਫ਼ਸਲ ਦੇ ਮਾਹਿਰ
ਬੀਜੀਆਂ ਕਣਕ-ਕਪਾਹਾਂ
ਤਿੰਨ-ਤਿੰਨ ਪ੍ਰਕਾਰ
ਸਰੋਂ, ਝੋਨਾ ਬਾਮਬਾਰ
ਮੌਲਮਲ ਬੁਣਤਰ ਲਹਿਰ-ਲਹਿਰ
ਰੇਸਮੀ ਪੱਟ ਵਿਚ ਤਾਰ ਤਾਰ।

ਮੇਰੇ ਬਜ਼ੁਰਗ
ਹੱਥਾਂ ਦੇ ਸਚਿਆਰੇ
ਉਨ੍ਹਾਂ ਉਸਾਰੇ
ਦੋ ਮੰਜਲੇ ਚੁਬਾਰੇ
ਬੰਦਰਗਾਹ ਅਤੇ ਕਿਨਾਰੇ

ਖੋਜੇ ਜਲ ਥਲ ਰਸਤੇ
ਬਣੇ ਜਗਤ ਵਣਜਾਰੇ
ਤੇ ਗਹਿਣੇ ਸੰਗ ਮਨੁੱਖ ਸ਼ਿੰਗਾਰੇ
ਸ਼ੀਸ਼ੇ, ਕੰਘੇ ਲੋਕ ਪਿਆਰੇ
ਉਨ੍ਹਾਂ ਅੱਗੇ-ਵਰਤਮਾਨ ਵੀ ਹਾਰੇ

ਤੇ ਉਨ੍ਹਾਂ ਤਰਾਸ
ਪੁਤਲੇ ਭਾਰੇ-ਭਾਰੇ
ਲੋਕ ਸੱਭਿਆਚਾਰ ਉਤਾਰੇ।

ਮੇਰੇ ਬਜ਼ੁਰਗ
ਗਿਆਨ ਵਿਗਿਆਨ ਦੇ ਭੇਤੀ
ਮਾਪਣ - ਤੋਲਣ ਤਰਲ ਦੇ ਧਾਤੂ
ਸਮੇਂ ਨੂੰ ਗਿਣ ਮਿਣਦੇ
ਪਿਤਵਾਰ ਦੇ ਸਿਰਜਕ
ਸਰਬ ਰੋਗ ਜਗਿਆਸੂ।

ਮੇਰੇ ਬਜ਼ੁਰਗ
ਖੁਦ ਕਿਰਤੀ ਵਾਂਗ ਪ੍ਰਕ੍ਰਿਤੀ
ਨੇਕ ਨੀਤੀ ਤਲੇ ਦੀ ਬਿਰਤੀ
ਸੁੱਖ, ਸਮਤਾ, ਮਮਤਾ ਛੇਤੀ-ਛੇਤੀ
ਹੱਕ ਬੇਗਾਨਾ ਨੇਤੀ ਨੇੜੀ।

ਮੇਰੇ ਬਜ਼ੁਰਗ
ਚੁੱਪ-ਚਾਪ ਨੇ ਕਹਿੰਦੇ
ਉਨ੍ਹਾਂ ਦੇ ਤਾਂ ਬੋਲ ਨੇ ਸੁਣਦੇ
ਅਤੀਤ, ਵਰਤਮਾਨ ਨੂੰ ਸੋਚੇ
ਕਾਲੇ ਖਿੱਤੇ ਵਿੱਚ
ਗੋਰੇ ਨੂੰ ਭਾਜੜ ਦੇਖੋ
ਸਮੁੰਦਰ ਵਿਚ-
ਉੱਚੀਆਂ ਉੱਠੀਆਂ ਲਹਿਰਾਂ ਤੱਕੋ
ਤੇ ਵਿਸ਼ਾਲ ਲਹਿਰ ਬਣ ਜਾਓ
ਖ਼ਿਲਾਫ਼ ਹਰੇ
ਬਣ ਸੁਨਾਮੀ ਤਣ ਜਾਓ।

ਮੇਰੇ ਸੁਪਨਿਆਂ ਵਿਚ ਆ ਕੇ
ਆਪਣੇ ਸੁਪਨੇ
ਸਾਕਾਰ ਕਰਨਾ ਚਾਹੁੰਦੇ ਨੇ
ਮੇਰੇ ਬਜ਼ੁਰਗ—
ਸੋਚਦੇ ਨੇ, ਲੋਚਦੇ ਨੇ
ਆਪਣੀ ਸੱਭਿਅਤਾ
ਆਪਣਾ ਸੱਭਿਆਚਾਰ
ਆਪਣੀ ਧਰਤੀ ਉੱਤੇ
ਮਾਨਵ ਧਰਮ ਵਿਸਤਾਰ।

# ਪੰਛੀ ਤੇ ਪਾਣੀ

ਸੱਤੀ ਉਟਾਲਾਂ ਵਾਲਾ

90564-36733

ਪੰਛੀਆਂ ਲਈ ਆਓ ਸਾਰੇ ਰੱਖੀਏ ਪਾਣੀ ।
ਪਾਣੀ ਨਾਲ ਤਾ ਚੱਲੇ ਸਾਹਾਂ ਦੀ ਤਾਣੀ ।

ਇਹਨਾਂ ਨੇ ਕਿਹੜਾ ਸਾਨੂੰ ਬੋਲ ਕੇ ਦੱਸਣਾ ,
ਬਸ ਰੌਲਾ ਪਾਉਂਣ ਗਏ ਬੰਨ੍ਹ ਬੰਨ੍ਹ ਢਾਣੀ ।

ਗਰਮੀ ਤਾਂ ਸਭ ਦੀ ਜਾਨ ਹੈ ਕੱਢਦੀ ਜਾਵੇ ,
ਇਹ ਮੂੰਹ ਅੱਡ ਕੇ ਲੱਭਦੇ ਫਿਰਦੇ ਨੇ ਪਾਣੀ ।

ਦਾਣਾ ਰੋਟੀ ਵੀ ਇਹਨਾਂ ਨੂੰ ਜ਼ਰੂਰ ਪਾਈਏ ,
ਪੰਛੀ ਵੀ ਹਨ ਸਾਡੇ ਸਭ ਦੇ ਜੀਵਨ ਹਾਣੀ ।

ਇਹ ਸਾਡੇ ਤੋਂ ਪਹਿਲਾਂ ਤੜਕੇ ਉੱਠ ਨੇ ਜਾਂਦੇ ,
ਆਪਣੀ ਭਾਸ਼ਾ ਵਿੱਚ ਗਾਉਂਦੇ ਨੇ ਗੁਰਬਾਣੀ ।

ਪੰਛੀ ਜਾਨਵਰ ਭੁੱਖੇ ਹੁੰਦੇ ਨੇ ਮੋਹ ਪਿਆਰ ਦੇ ,
ਇਹ ਮੋਹ ਜਤਾਉਂਦੇ ਨਾ ਕਰਦੇ ਵੰਡ ਕਾਣੀ ।

ਸੱਤੀ ਆਓ ਸਾਰੇ ਰੋਜ਼ ਦਾ ਨਿਯਮ ਬਣਾਈਏ ,
ਪੰਛੀ ਜਾਨਵਰਾਂ ਲਈ ਰੱਖੀਏ ਤਾਜ਼ਾ ਪਾਣੀ ।

# ਸਿਮਰਨਜੋਤ ਦੀਆਂ ਗ਼ਜ਼ਲਾਂ



ਗੀਤਾਂ ਦੇ ਵਾਂਗ ਸਫ਼ਿਆਂ, 'ਤੇ ਨਾ ਉਤਾਰ ਮੈਨੂੰ
ਗ਼ਮਗੀਨ ਖ਼ਾਬ ਹਾਂ ਮੈਂ, ਦਿਲ 'ਚੋਂ ਵਿਸਾਰ ਮੈਨੂੰ।

ਮੰਜ਼ਿਲ 'ਤੇ ਆ ਕੇ ਵੀ ਨਾ, ਆਇਆ ਕਰਾਰ ਮੈਨੂੰ।
ਕਿ ਰਸਤਿਆਂ ਨੇ ਕੀਤਾ, ਐਨਾ ਖ਼ੁਆਰ ਮੈਨੂੰ।

'ਕਦ ਤੱਕ ਮਰੇ ਖ਼ਾਬਾਂ ਨੂੰ, ਸ਼ਿੰਗਾਰਦੀ ਰਹੇਂਗੀ ?'
ਹਰ ਰੋਜ਼ ਪੁੱਛਦੀ ਹੈ, ਸੁਰਮੇ ਦੀ ਧਾਰ ਮੈਨੂੰ।

ਦੇਹ ਨਾ ਇਹ ਮੈਨੂੰ ਮੱਤਾਂ, 'ਨਾਂ ਇਸ਼ਕ ਮੌਤ ਦਾ ਹੈ ?
ਜੇ ਮਾਰਨੈਂ ਤਾਂ ਏਸੇ, ਮੌਤੇ ਹੀ ਮਾਰ ਮੈਨੂੰ।

ਸਾਵਣ ਨੂੰ ਦੇਣੋਂ ਆਪਣੀ ਮੈਂ, ਪਿਆਸ ਦਾ ਅੰਦਾਜ਼ਾ,
ਐ ਬਲ! ਤਪਸ਼ ਜ਼ਰਾ ਤੂੰ, ਦੇ ਦੇ ਉਧਾਰ ਮੈਨੂੰ।

ਜਜ਼ਬਾ ਅਰੂਜ਼ ਨੂੰ ਸੀ, ਕਰਦਾ ਪਿਆ ਗੁਜ਼ਾਰਿਸ਼,
'ਮੈਂ ਹੁਸਨ ਹਾਂ ਗ਼ਜ਼ਲ ਦਾ - ਐਦਾਂ ਨਾ ਮਾਰ ਮੈਨੂੰ।

ਦੇਵਾਂਗਾ ਅਗਲੀ ਵਾਰੀ ਇਕ ਫੁੱਲ ਮੈਂ ਨਿਸ਼ਾਨੀਂ
ਦਿੰਦਾ ਰਿਹਾ ਇਹ ਕਹਿ ਉਹ ਹਰ ਵਾਰ ਖ਼ਾਰ ਮੈਨੂੰ।

ਕਹਿੰਦੇ ਸੀ ਕੱਲ੍ਹ ਤੀਕਰ ਜੋ ਲੋਕ ਮੈਨੂੰ ਮਹਿਫ਼ਿਲ,
ਅੱਜ-ਕੱਲ੍ਹ ਨੇ ਕਹਿੰਦੇ ਤੁਰਦਾ - ਫਿਰਦਾ ਮਜ਼ਾਰ ਮੈਨੂੰ।





ਛਿੱਲ ਜਾਏ ਪਰ ਤਿਤਲੀ ਦਾ ਜਿਉਂ ਕੰਡੇ ਦੀ ਨੋਕ 'ਤੇ।
ਦੁਖਦਾ ਹੈ ਦਿਲ ਦਾ ਜ਼ਖ਼ਮ ਇਉਂ ਹਉਕੇ ਦੀ ਚੋਟ 'ਤੇ।

ਪੱਥਰ ਨਜ਼ਰ 'ਚ ਹੁਣ ਤਾਂ, ਐਨੀ ਕੁ ਏ ਸਰਗੋਸ਼ੀ,
ਇੱਕ ਹੰਝ ਲਰਜ਼ਦੈ ਬਸ, ਲੇਖਾਂ ਦੀ ਖੋਟ 'ਤੇ।

ਢਾਣੀ ਉਦਾਸੀਆਂ ਦੀ, ਆਉਂਦੀ ਏ ਰੋਜ਼ ਝੂਟਣ,
ਇਕ ਪੀਂਘ ਹੈ ਪੀੜਾਂ ਦੀ, ਦਿਲ ਦੇ ਬਰੋਟ 'ਤੇ।

ਆ ਤੁਰ ਦਿਲਾ! ਬਣਾਈਏ, ਕੰਧਾਂ 'ਚ ਆਪਾਂ ਬੂਹੇ,
ਕੰਧਾਂ ਬਣਾ-ਬਣਾ ਕੇ ਰੋਕਣਗੇ ਲੋਕ 'ਤੇ।

ਕੁੱਖਾਂ ਦੀਆਂ ਕਬਰਾਂ ਵਿਚ ਕੂੰਜਾਂ ਦਬਾਉਣ ਵਾਲੇ,
ਰੋਵਣਗੇ ਬਾਜ ਇਕ ਦਿਨ, ਚਿੜੀਆਂ ਦੀ ਤੋਟ 'ਤੇ।

# ਤੂੰ ਫਿਰ ਕਦੀ ਆਵੀਂ

ਜਸਪਾਲ ਧਾਮੀ

ਆਵੀਂ ਮੇਰੇ ਪਿੰਡ ਤੂੰ ਫਿਰ ਕਦੀ ਆਵੀਂ।
ਸੁਪਨੇ ਬੀਜਣ ਲਈ ਹੋਵੇ ਵੱਤਰ ਜਦ ਮਨਾਂ ਦੀ ਮਿੱਟੀ
ਨਾ ਹੋਵੇ ਤਨ-ਮਨ ਤੇ



ਕੋਈ ਕਾਲੀ ਕੰਬਲੀ ਜਾਂ ਲੋਈ ਚਿੱਟੀ।
ਆਵੀਂ ਸ਼ੋਖ ਮੌਸਮਾਂ ਨੂੰ ਮੌਲੀਆਂ ਬੰਨ੍ਹਦੀ
ਸੁੱਕਿਆਂ ਗੁਲਾਬਾਂ 'ਚ ਜਾਨ ਪਾਉਂਦੀ।
ਸੰਵਾਦ ਦੀਆਂ ਬਉਲੀਆਂ 'ਚ ਭਰਦੀ ਤਾਜ਼ੇ ਪਾਣੀ
ਬੰਦ ਗੁੰਬਦਾਂ ਨੂੰ
ਜੰਗਲੀ ਹਵਾਵਾਂ ਦੇ ਗੀਤ ਸੁਣਾਉਂਦੀ।
ਆਵੀਂ ਡੁੱਬਦੇ ਸੂਰਜ ਦੀ ਲਾਲੀ 'ਚ ਰੰਗੀ
ਕਿਸੇ ਰਾਹ ਉੱਪਰ ਚਲਦੀ
ਅਵਾਰਾ ਮਹਿਕਾਂ ਨੂੰ
ਇਤਰਾਂ ਦੇ ਮਟਕੇ ਬਣਾਉਂਦੀ।
ਚਾਨਣੀ ਨਾਲ ਭਰੀ ਛੱਤ ਤੇ
ਮਿਲ ਬੈਠਾਂਗੇ ਦੋਵੇਂ
ਮੋਈਆਂ ਮੁਹੱਬਤਾਂ ਦੇ ਬਨੇਰਿਆਂ ਤੇ
ਫਿਰ ਬਾਲਾਂਗੇ ਮੋਹ ਦੇ ਦੀਵੇ।
ਰੂਹਾਂ ਦੇ ਪੰਖੇਰੂਆਂ ਲਈ
ਵਿਛਾਵਾਂਗੇ ਦੁਬਾਰਾ
ਸਿਰੋਂ ਛਾਂਗੇ ਰੁੱਖਾਂ ਹੇਠਾਂ ਕੂਲੀਆਂ ਛਾਵਾਂ।
ਝਾੜਾਂਗੇ ਰਲਕੇ
ਵਾਰਿਸ ਦੇ ਬੋਲਾਂ ਤੇ ਪਈ ਧੂੜ
ਫਿਰ ਖੇਡਾਂਗੇ
ਭੁੱਲੀਆਂ ਨਜ਼ਮਾਂ ਦੀਆਂ ਸਤਰਾਂ ਨਾਲ

ਸੁਣਾਂਗੇ ਫਰਿਸ਼ਤਿਆਂ ਦੇ ਗਾਏ ਗੀਤ
ਵਟਾਵਾਂਗੇ ਰੂਹ ਵਿਚ ਪਏ ਅਣਲਿਖੇ ਰੁਕੇ।
ਰਫੂ ਕਰਾਂਗੇ ਛਿੱਜੇ ਹੋਏ ਸੁਪਨਿਆਂ ਦੇ ਬਸਤਰ
ਮੁਹੱਬਤਾਂ ਦਾ ਚੋਲਾ
ਰੱਖਾਂਗੇ ਇਸ ਵਾਰ
ਵਕਤਾਂ ਦੀ ਕਾਲੀ ਜੀਭ ਤੇ
ਸਾਂਝਿਆਂ ਸਿਰਨਾਵਿਆਂ ਦਾ ਲਾਲ ਮਘਦਾ
ਕੋਲ੍ਹਾ।
ਆਵੀਂ ਮੇਰੇ ਪਿੰਡ ਮੁੜ ਇਕ ਵਾਰ
ਤੂੰ ਫਿਰ ਕਦੇ ਆਵੀਂ !

# ਰੁੱਖ ਜਾਂ ਰਿਸ਼ੀ - ਭਗਤ ਪੂਰਨ ਸਿੰਘ



ਡਾਕਟਰ ਰਵਿੰਦਰ

ਉਹ ਰੁੱਖ ਸੀ ਜਾਂ ਰਿਸ਼ੀ
ਇਹ ਤਾਂ ਪਤਾ ਨਹੀਂ
ਪਰ
ਉਹਦੀਆਂ ਟਾਹਣੀਆਂ 'ਤੇ ਸੈਂਕੜੇ ਆਲ੍ਹਣੇ ਸਨ
ਹਜ਼ਾਰਾਂ ਜ਼ਖ਼ਮੀ ਅਪਾਹਜ ਬੇਆਸਰੇ
ਪਰਿੰਦਿਆਂ ਦੀ ਸ਼ਰਨਗਾਹ ਸੀ ਉਹ
ਪ੍ਰਦੂਸ਼ਤ ਹਵਾ 'ਚ
ਮੁਹੱਬਤ ਦੀ ਮਹਿਕ ਘੋਲਦਾ
ਕੁਦਰਤ ਦਾ ਨਗ਼ਮਾ
ਪੱਤਿਆਂ ਦੇ ਸਾਜ਼ 'ਤੇ ਗਾਉਂਦਾ
ਆਪਣੇ ਹੱਥੀਂ ਸੜਕਾਂ ਸਵਾਰਦਾ
ਲੂਲ੍ਹੇ ਮੰਦ-ਬੁੱਧੀ ਬੱਚਿਆਂ ਦਾ ਚਿਹਰਾ ਨਿਖਾਰਦਾ
ਉਨ੍ਹਾਂ ਦਾ ਬਾਪ ਬਣ ਕੇ
ਮੂੰਹ 'ਚ ਬੁਰਕੀਆਂ, ਕੰਨਾਂ 'ਚ ਬਾਤਾਂ ਕਹਾਣੀਆਂ ਪਾਉਂਦਾ

ਬੀਮਾਰ ਮਾਂ ਦਾ ਉਪਦੇਸ਼
ਬੱਚਿਆ—ਹਰ ਕਿਸੇ ਦੇ ਰਾਹ 'ਚੋਂ ਕੰਡੇ ਚੁਗੀਂ
ਹਰ ਕਿਸੇ ਦੇ ਕੰਮ ਆਵੀਂ"
ਆਖ਼ਰੀ ਸਾਹ ਤਕ ਨਿਭਾਉਣ ਵਾਲਾ
ਸਰਵਣ ਪੁੱਤ
ਕੁਲ ਮਨੁੱਖਤਾ ਦਾ ਦਰਦ
ਉਮਰ ਭਰ ਵਹਿੰਗੀ 'ਚ ਲੈ ਤੁਰਦਾ ਰਿਹਾ
ਕਿਸੇ ਨੂੰ ਹਸਪਤਾਲ
ਕਿਸੇ ਨੂੰ ਗੁਰਦੁਆਰੇ
ਕਿਸੇ ਨੂੰ ਆਪਣੀ ਬੁੱਕਲ 'ਚ ਸਾਂਭਦਾ
ਕਿਸੇ ਦੇ ਪਾਪ ਨੂੰ ਬਚਪਨ ਬਖ਼ਸ਼ਦਾ
ਮਾਂ ਬਾਪ ਦਾ ਨਾਂ ਦੇਂਦਾ

ਆਲੇ ਦੁਆਲੇ ਫੈਲਿਆ ਜ਼ਹਿਰ
ਆਪਣੇ ਸਾਹਾਂ ਨਾਲ ਡੀਕਦਾ
ਪਰ ਲੋਕਾਈ ਲਈ
ਸਾਫ਼ ਸੁਥਰੀ ਫ਼ਿਜ਼ਾ ਦਾ ਹੋਕਾ ਦੇਂਦਾ
ਉਹ ਬੂੰਦ ਬੂੰਦ ਇਕੱਠੀ ਕਰਦਾ ਸਮੁੰਦਰ
ਪੱਤਾ ਪੱਤਾ ਸਾਂਭਦਾ ਛਾਂ-ਦਾਰ ਬੋਹੜ
ਨਿੱਕੇ ਨਿੱਕੇ ਸਰੋਕਾਰ ਜੋੜਦਾ
ਮਹਾਨ ਸੰਸਥਾ ਹੋ ਨਿਬੜਿਆ

ਕੋਈ ਘਰ ਦੁਕਾਨ ਦਫ਼ਤਰ
ਅਜਿਹਾ ਨਹੀਂ ਸੀ
ਜਿਦ੍ਹੇ ਬਾਹਰ ਕਾਲੀ ਸੰਦੂਕੜੀ ਦਾਨ ਪਾਤਰ
ਅੰਦਰ ਫਰੇਮ 'ਚ ਜੜੀ ਗੁਰਬਾਣੀ
'ਜਾ ਤੂੰ ਮੇਰੇ ਵੱਲ ਹੈਂ ਤਾਂ ਕਿਆ ਮੁਹਛੰਦਾ'
ਉਹਦੀ ਵਿਆਪਕ ਹੋਂਦ ਦੀ
ਗਵਾਹੀ ਨਹੀਂ ਸੀ ਭਰਦੇ

ਪੂਰਨ ਭਗਤ ਤਾਂ ਸ਼ਾਇਦ
ਅਪੂਰਨ ਰਹਿ ਗਿਆ ਹੋਵੇ
ਪਰ ਭਗਤ ਪੂਰਨ ਸਿੰਘ
ਆਪਣੇ ਨਾਂ ਦੇ ਤਿੰਨਾਂ ਸ਼ਬਦਾਂ ਦਾ
ਸੱਚਾ ਸੁੱਚਾ ਮੁਜੱਸਮਾ ਸੀ
ਭਗਤੀ, ਪੂਰਨਤਾ ਤੇ ਸਿੱਖੀ ਦੀ ਸਿਖ਼ਰ
ਉਹ ਯਕੀਨਨ
ਰੁੱਖ ਵੀ ਸੀ ਰਿਸ਼ੀ ਸੀ
ਭਗਤ ਵੀ ਭਗਵਾਨ ਵੀ
•••



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੇਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੇਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੇਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਭਾਰਤ ਵਿੱਚ ਸੇਲ ਮੈਨੇਜਰ, ਰਾਮਦਾਸੀਆ ਸਿੱਖ ਮੇਹਟਨ ਪਰਿਵਾਰ ਨਾਲ ਸੰਬੰਧਤ, ਉਮਰ 29 ਸਾਲ, ਕੱਦ 5'11", ਪੋਸਟ ਗ੍ਰੈਜੂਏਟ, ਸੁੰਦਰ, ਨਸ਼ਿਆਂ ਤੋਂ ਰਹਿਤ ਲੜਕੇ ਲਈ ਪੜ੍ਹੇ-ਲਿਖੇ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀਆਰ/ਵਰਕ ਪਰਮਿਟ ਹੋਲਡਰ, ਪੜ੍ਹੀ-ਲਿਖੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕੈਨੇਡਾ ਵਿੱਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ: 604-505-6176 ਜਾਂ ਈਮੇਲ -wirte2rkj@gmial.com

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਏਚਏਨਟ ਫਰੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 **talwanid@hotmial.ca**

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
**Contact: 604-897-1298,**
**Whatsapp Number: 99-156-52029**

***************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, ˜ਰਪਹਓਨ ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋੜ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(PR) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ **Concrete Breaking** ਅਤੇ **Coring** ਦਾ ਬਿਜ਼ਨਸ ਵਿਕਾਓ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: **604-250-7893**

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-

### ਇੰਸ਼ੋਰੈਂਸ ਸੇਵਾਵਾਂ

**ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085**

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰਕਰਾਂ ਦੀ ਲੋੜ

**S K FRAMING** ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਰੂਸ ਨੇ ਖੇਰਸਾਨ ਕੋਲ ਡੈਮ ਤਬਾਹ ਕੀਤਾ-ਯੂਕਰੇਨ



ਕੀਵ-ਯੂਕਰੇਨ ਦੇ ਦੱਖਣ ਵਿਚ ਰੂਸ ਦੇ ਕਬਜ਼ੇ ਹੇਠਲੇ ਇਕ ਵੱਡੇ ਡੈਮ ਦੀ ਕੰਧ ਟੁੱਟਣ ਕਾਰਨ ਪਾਣੀ ਬੇਹੱਦ ਤੇਜ਼ ਰਫ਼ਤਾਰ ਨਾਲ ਨਦੀ ਦੇ ਵਹਿਣ ਨਾਲ ਰਿਹਾਇਸ਼ੀ ਇਲਾਕਿਆਂ ਵੱਲ ਦਾਖ਼ਲ ਹੋ ਗਿਆ ਹੈ। ਦੋਵਾਂ ਪਾਸਿਓਂ ਤੋਂ ਲੋਕਾਂ ਨੂੰ ਕੱਢਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਜਾਣਕਾਰੀ ਮੁਤਾਬਕ ਇਕ ਧਮਾਕੇ ਤੋਂ ਬਾਅਦ ਡੈਮ ਟੁੱਟਿਆ ਹੈ। ਇਸ ਕਾਰਨ ਵੱਡੇ ਪੱਧਰ 'ਤੇ ਆਲੇ-ਦੁਆਲੇ ਦੇ ਵਾਤਾਵਰਨ ਦੇ ਨੁਕਸਾਨੇ ਜਾਣ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ। ਯੂਕਰੇਨ ਰੂਸ ਉਤੇ ਬੰਨ੍ਹ ਤੋੜਨ ਦਾ ਦੋਸ਼ ਲਾ ਰਿਹਾ ਹੈ ਜਦਕਿ ਰੂਸੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਯੂਕਰੇਨੀ ਫ਼ੌਜ ਨੇ ਇਸ ਵਿਵਾਦਤ ਇਲਾਕੇ ਵਿਚ ਹਾਈਡਰੋਇਲੈਕਟ੍ਰਿਕ ਪਾਵਰ ਸਟੇਸ਼ਨ ਨੂੰ ਨੁਕਸਾਨ ਪਹੁੰਚਾਇਆ ਹੈ। ਡੈਮ ਟੁੱਟਣ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ। ਪਾਣੀ ਦਾ ਪੱਧਰ ਘਟਣ ਕਾਰਨ ਯੂਰੋਪ ਦੇ ਸਭ ਤੋਂ ਵੱਡੇ ਪਰਮਾਣੂ ਪਲਾਂਟ (ਜ਼ੈਪੋਰਿਜ਼ੀਆ) ਨੂੰ ਠੰਢਾ ਰੱਖਣ ਵਿਚ ਵੀ ਮੁਸ਼ਕਲ ਆ ਸਕਦੀ ਹੈ। ਹਾਲਾਂਕਿ ਪਰਮਾਣੂ ਊਰਜਾ ਏਜੰਸੀ ਦਾ ਕਹਿਣਾ ਹੈ ਕਿ ਹਾਲ ਦੀ ਘੜੀ ਕੋਈ ਖ਼ਤਰਾ ਨਹੀਂ ਹੈ। ਇਸ ਤੋਂ ਇਲਾਵਾ ਰੂਸ ਦੇ ਕਬਜ਼ੇ ਹੇਠਲੇ ਕਰੀਮੀਆ ਵਿਚ ਪਾਣੀ ਦੀ ਸਪਲਾਈ ਖ਼ਤਮ ਹੋ ਸਕਦੀ ਹੈ। ਡੈਮ ਦੇ ਟੁੱਟਣ ਨਾਲ 16 ਮਹੀਨਿਆਂ ਦੀ ਇਸ ਜੰਗ ਨਾਲ ਹੁਣ ਇਕ ਹੋਰ ਨਵਾਂ ਅਧਿਆਏ ਜੁੜ ਗਿਆ ਹੈ। ਯੂਕਰੇਨੀ ਫ਼ੌਜਾਂ ਦੇਸ਼ ਦੀਆਂ ਪੂਰਬੀ ਦੇ ਦੱਖਣੀ ਸਰਹੱਦਾਂ ਉਤੇ 1000 ਕਿਲੋਮੀਟਰ ਦੇ ਘੇਰੇ ਦੇ ਨਾਲ ਹੱਲਾ ਬੋਲ ਰਹੀਆਂ ਹਨ, ਜਿਸ ਨੂੰ ਲੰਮੇ ਸਮੇਂ ਤੋਂ ਉਡੀਕਿਆ ਜਾ ਰਿਹਾ ਸੀ। ਹਾਲੇ ਤੱਕ ਇਹ ਸਪੱਸ਼ਟ ਨਹੀਂ ਹੈ ਕਿ ਡੈਮ ਨੂੰ ਪਹੁੰਚੇ ਨੁਕਸਾਨ ਨਾਲ ਕਿਸ ਨੂੰ ਫਾਇਦਾ ਹੋਵੇਗਾ, ਕਿਉਂਕਿ ਦੋਵਾਂ ਪਾਸਿਆਂ ਦੀ ਜ਼ਮੀਨ ਹੜ੍ਹ ਦੀ ਮਾਰ ਹੇਠ ਆਉਣ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ। ਇਸ ਨਾਲ ਦੱਖਣ ਵਿਚ ਯੂਕਰੇਨ ਦੀ ਮੁਹਿਮ ਰੁਕ ਸਕਦੀ ਹੈ ਪਰ ਨਾਲ ਹੀ ਕਰੀਮੀਆ ਵਿਚ ਰੂਸ ਨੂੰ ਵੀ ਨੁਕਸਾਨ ਹੋਵੇਗਾ ਕਿਉਂਕਿ ਉੱਥੇ ਜਲ ਸਪਲਾਈ ਇਸ ਡੈਮ ਤੋਂ ਜਾਂਦੀ ਹੈ। ਕਰੀਮੀਆ ਉਤੇ ਰੂਸ ਨੇ 2014 ਵਿਚ ਕਬਜ਼ਾ ਕਰ ਲਿਆ ਸੀ। ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੈਲੇਂਸਕੀ ਨੇ ਇਸ ਮਾਮਲੇ ਉਤੇ ਆਪਣੀ ਸੁਰੱਖਿਆ ਕੌਂਸਲ ਨਾਲ ਮੀਟਿੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਰੂਸੀ ਸੈਨਾ ਨੇ ਡੈਮ 'ਚ ਰਾਤ ਨੂੰ ਧਮਾਕਾ ਕੀਤਾ ਹੈ ਤੇ ਕਰੀਬ 100 ਪਿੰਡਾਂ-ਕਸਬਿਆਂ ਨੂੰ ਖ਼ਤਰਾ ਹੈ।

## ਯੂਕਰੇਨ ਨੇ ਕੌਮਾਂਤਰੀ ਅਦਾਲਤ 'ਚ ਰੂਸ ਨੂੰ 'ਅਤਿਵਾਦੀ' ਮੁਲਕ ਦੱਸਿਆ

ਹੇਗ-ਯੂਕਰੇਨ ਦੇ ਇਕ ਚੋਟੀ ਦੇ ਅਧਿਕਾਰੀ ਨੇ ਰੂਸ ਨੂੰ 'ਅਤਿਵਾਦੀ ਮੁਲਕ' ਕਰਾਰ ਦਿੱਤਾ ਹੈ। ਇੱਥੇ ਸੰਯੁਕਤ ਰਾਸ਼ਟਰ ਦੀ ਸਭ ਤੋਂ ਵੱਡੀ ਅਦਾਲਤ ਵਿਚ ਮਾਸਕੋ ਖ਼ਿਲਾਫ਼ ਕੇਸ ਦੀ ਸ਼ੁਰੂਆਤ ਕਰਦਿਆਂ ਕੂਟਨੀਤਕ ਐਂਟਨ ਕੋਰੀਨੇਵਿਚ ਨੇ ਕਿਹਾ ਕਿ ਰੂਸ ਨੇ ਪੂਰਬੀ ਯੂਕਰੇਨ ਵਿਚ ਬਾਗੀਆਂ ਰਾਹੀਂ 'ਧਮਕਾਉਣ ਤੇ ਦਹਿਸ਼ਤ ਦੀ ਇਕ ਮੁਹਿੰਮ' ਵਿੱਢੀ ਹੈ। ਕੌਮਾਂਤਰੀ ਅਦਾਲਤ ਵਿਚ ਅੱਜ ਰੂਸ ਵੱਲੋਂ 2014 'ਚ ਕੀਤੇ ਕਰੀਮੀਆ ਦੇ ਰਲੇਵੇਂ ਅਤੇ ਪੂਰਬੀ ਯੂਕਰੇਨ ਵਿਚ ਬਾਗੀਆਂ ਨੂੰ ਹਥਿਆਰਬੰਦ ਕਰਨ ਬਾਰੇ ਸੁਣਵਾਈ ਹੋਈ।









# ਫ਼ੋਨ 'ਤੇ ਗੱਲਬਾਤ ਦੇ ਢੰਗ-ਸਲੀਕੇ ਤੁਹਾਨੂੰ ਬਣਾਉਂਦੇ ਨੇ ਖਾਸ



ਹੇਠ ਲਿਖੇ ਨੁਕਤਿਆਂ ਨੂੰ ਧਿਆਨ ਗੋਚਰੇ ਰੱਖ ਉਨ੍ਹਾਂ ਦੀ ਸੁਚੱਜੀ ਵਰਤੋਂ ਕਰੀਏ ਤਾਂ ਗੱਲਬਾਤ ਦੇ ਢੰਗ ਨੂੰ ਸਹਿਜੇ ਹੀ ਹੋਰ ਬਿਹਤਰ ਅਤੇ ਆਪਣੀ ਸ਼ਖ਼ਸੀਅਤ ਨੂੰ ਦਿਲਖਿੱਚਵੀਂ ਵੀ ਬਣਾ ਸਕਦੇ ਹਾਂ।

• ਹੋ ਸਕਦਾ ਹੈ ਕਿ ਕਿਸੇ ਸਮੇਂ ਤੁਹਾਡਾ ਮੂਡ ਸਾਜ਼ਗਾਰ ਨਾ ਹੋਵੇ ਅਤੇ ਤੁਹਾਡੇ ਫੋਨ ਦੀ ਘੰਟੀ ਵਜ ਗਈ ਹੋਵੇ। ਖਿੱਝਵੇਂ, ਗੁੱਸੇ ਭਰੇ ਅੰਦਾਜ਼ ਨਾਲ ਗੱਲ ਨਾ ਕਰੋ ਤਾਂ ਕਿ ਅਗਲੇ ਨੂੰ ਤੁਹਾਡੀ ਝੂੰਜਲਾਹਟ ਅਤੇ ਖਿੱਝਵੇਂਪਣ ਦਾ ਅਹਿਸਾਸ ਨਾ ਹੋਵੇ।

• ਫੋਨ ਕਾਲ ਆਉਣ ਉਪਰੰਤ ਜਲਦੀ ਹੀ ਕਾਲ ਰਿਸੀਵ ਕਰਨ ਦੀ ਕੋਸ਼ਿਸ਼ ਕਰੋ। ਗੱਲ ਸ਼ੁਰੂ ਕਰਦਿਆਂ ਹੈਲੋ, ਨਮਸਕਾਰ, ਸਤਿ ਸ੍ਰੀ ਅਕਾਲ ਜਾਂ ਹੋਰ ਢੁਕਵੇਂ ਸਵਾਗਤੀ ਸ਼ਬਦਾਂ ਦੀ ਵਰਤੋਂ ਕਰੋ। ਆਪਣੀ ਬੋਲਣ ਸ਼ੈਲੀ, ਆਵਾਜ਼ ਮਧੁਰ ਅਤੇ ਮਿਠਾਸ ਭਰਪੂਰ ਰੱਖੋ।

• ਫੋਨ ਤੋਂ ਅਣਜਾਣੀ ਜਾਂ ਓਪਰੀ ਆਵਾਜ਼ ਮਹਿਸੂਸ ਹੋਣ 'ਤੇ ਤਹਿਜ਼ੀਬ ਪੂਰਵਕ ਪੁੱਛੋ ਕਿ ਤੁਸੀਂ ਕੌਣ ਬੋਲ ਰਹੇ ਹੋ? ਕਿਸ ਨਾਲ ਗੱਲ ਕਰਨੀ ਹੈ? ਜੇ ਕਿਸੇ ਤੁਹਾਡੇ ਪਰਿਵਾਰਕ ਮੈਂਬਰ ਲਈ ਫੋਨ ਹੈ ਅਤੇ ਉਹ ਗ਼ੈਰ-ਹਾਜ਼ਰ ਹੈ ਤਾਂ ਫੋਨ ਕਰਨ ਵਾਲੇ ਦਾ ਨਾਂਅ, ਸੁਨੇਹਾ ਜਾਂ ਕੰਮ ਨੋਟ ਕਰ ਲਵੋ।



• ਪਹਿਲਾਂ ਫੋਨ ਕਰਨ ਵਾਲੇ ਦੀ ਗੱਲ ਪੂਰੀ ਹੋਣ ਦਿਓ ਅਤੇ ਬਾਅਦ ਵਿਚ ਹੀ ਬੋਲੋ। ਇਹ ਨਾ ਹੋਵੇ ਕਿ ਦੋਵੇਂ ਪਾਸਿਓਂ ਗੱਲ ਜਾਰੀ ਰਹਿਣ ਕਰਕੇ ਕਿਸੇ ਦੇ ਵੀ ਪਿੜ-ਪੱਲੇ ਕੁਝ ਵੀ ਨਾ ਪੈ ਰਿਹਾ ਹੋਵੇ।

• ਜੇ ਤੁਹਾਡੇ ਤੋਂ ਗ਼ਲਤੀ ਨਾਲ ਕਿਸੇ ਅਨਜਾਣੇ ਨੰਬਰ 'ਤੇ ਕਾਲ ਹੋ ਗਈ ਹੋਵੇ ਤਾਂ ਸਾਹਮਣੇ ਵਾਲੇ ਨੂੰ ਇਸ ਸੰਬੰਧੀ ਹੋਈ ਪ੍ਰੇਸ਼ਾਨੀ ਲਈ ਜ਼ਰੂਰ ਮੁਆਫ਼ੀ ਮੰਗੀ ਜਾਵੇ।

• ਕਈ ਵਾਰ ਨੈੱਟਵਰਕ ਜਾਂ ਕਿਸੇ ਹੋਰ ਖ਼ਰਾਬੀ ਸਦਕਾ ਗੱਲ ਸਹੀ ਤਰੀਕੇ ਨਾਲ ਨਾ ਹੋ ਰਹੀ ਮਹਿਸੂਸ ਹੋਵੇ ਤਾਂ ਅਗਲੇ ਨੂੰ ਪੁੱਛ ਸਕਦੇ ਹੋ ਕਿ ਤੁਹਾਨੂੰ ਗੱਲ ਸਪੱਸ਼ਟ ਸੁਣਾਈ ਦੇ ਰਹੀ ਹੈ ਜਾਂ ਨਹੀਂ?

• ਫੋਨ ਹੋਲਡ 'ਤੇ ਰੱਖਣ ਤੋਂ ਪਹਿਲਾਂ ਅਗਲੇ ਨੂੰ ਦੱਸੋ ਅਤੇ ਹੋਲਡ-ਮਿਊਟ ਬਟਨ ਦਬਾਉਣਾ ਨਾ ਭੁੱਲੋ, ਨਹੀਂ ਤਾਂ ਅਣਜਾਨੇ 'ਚ ਤੁਹਾਡੀ ਇਸ ਪਾਸੇ ਦੀ ਗੱਲ ਦੂਜੇ ਪਾਸੇ ਸੁਣ ਸਕਦੀ ਹੈ।

• ਜੇ ਕਿਸੇ ਨੂੰ ਆਪਣਾ ਫੋਨ ਨੰਬਰ ਲਿਖਵਾਉਣਾ ਹੈ ਤਾਂ ਇਕਦਮ ਸਾਰੇ ਅੰਕ ਲਿਖਵਾਉਣ ਦੀ ਬਜਾਏ ਸਹਿਜ ਨਾਲ ਇਕ-ਇਕ ਅੰਕ ਬੋਲੋ ਅਤੇ ਨੋਟ ਕੀਤਾ ਨੰਬਰ ਦੂਹਰਾਅ ਵੀ ਲਵੋ।

• ਫੋਨ 'ਤੇ ਗੱਲ ਕਰਦਿਆਂ ਸਮੇਂ ਦਾ ਧਿਆਨ ਰੱਖੋ। ਇਹ ਨਾ ਸੋਚੋ ਕਿ ਜੇ ਤੁਹਾਡੇ ਕੋਲ ਵਾਧੂ ਸਮਾਂ ਹੈ ਤਾਂ ਅਗਲੇ ਕੋਲ ਵੀ ਵਾਧੂ ਸਮਾਂ ਹੋਵੇਗਾ।

• ਜੇ ਕਿਸੇ ਤੋਂ ਗ਼ਲਤੀ ਨਾਲ ਤੁਹਾਨੂੰ ਫੋਨ ਲਗ ਗਿਆ ਹੋਵੇ ਤਾਂ ਉਸ ਵਿਰੁੱਧ ਗੁੱਸੇ ਭਰੇ ਜਾਂ ਊਲ-ਜਲੂਲ ਲਫ਼ਜ਼ ਬੋਲਣ ਦੀ ਬਜਾਏ ਹਲੀਮੀ ਨਾਲ 'ਸੌਰੀ ਰੌਂਗ ਨੰਬਰ' ਕਹੋ।




## ਰਸੋਈ

### ਕਾਲੇ ਛੋਲੇ ਚਾਟ ਮਸਾਲਾ



**ਸਮੱਗਰੀ**

1 ਕੱਪ ਕਾਲੇ ਛੋਲੇ, 2 ਚਮਚ ਮੱਖਣ, ਅੱਧਾ ਚਮਚ ਹਰੀ ਮਿਰਚ ਦਾ ਪੇਸਟ, ਇਕ ਚੌਥਾਈ ਕੱਪ ਬਾਰੀਕ ਕੱਟਿਆ ਹੋਇਆ ਪਿਆਜ਼, 3/4 ਕੱਪ ਬਾਰੀਕ ਕੱਟਿਆ ਹੋਇਆ ਟਮਾਟਰ, ਇਕ ਚੌਥਾਈ ਚਮਚ ਮਿਰਚ ਪਾਊਡਰ, ਇਕ ਚੌਥਾਈ ਗਰਮ ਮਸਾਲਾ, 2 ਚਮਚ ਚਾਟ ਮਸਾਲਾ, ਅੱਧਾ ਕੱਪ ਉੱਬਲੇ, ਛਿੱਲੇ ਅਤੇ ਕੱਟੇ ਹੋਏ ਆਲੂ। ਨਮਕ ਸੁਆਦ ਅਨੁਸਾਰ। ਅੱਧਾ ਚਮਚ ਬਾਰੀਕ ਕੱਟਿਆ ਹੋਇਆ ਕੱਚਾ ਅੰਬ, 1 ਚਮਚ ਬਾਰੀਕ ਕੱਟਿਆ ਹੋਇਆ ਧਨੀਆ, 4 ਚਮਚ ਨਿੰਬੂ ਦਾ ਰਸ।

**ਵਿਧੀ**

ਕਾਲੇ ਛੋਲੇ ਚਾਟ ਮਸਾਲਾ ਬਣਾਉਣ ਲਈ ਇਕ ਕੱਪ ਕਾਲੇ ਛੋਲਿਆਂ ਨੂੰ ਰਾਤ ਨੂੰ ਪਾਣੀ ਵਿਚ ਭਿਉਂ ਦਿਓ। ਅਗਲੇ ਦਿਨ ਇਨ੍ਹਾਂ ਨੂੰ ਛਾਣ ਲਓ। ਫਿਰ ਪ੍ਰੈਸ਼ਰ ਕੂੱਕਰ ਵਿਚ ਕਾਲੇ ਛੋਲੇ ਅਤੇ ਸਹੀ ਮਾਤਰਾ ਵਿਚ ਪਾਣੀ ਪਾਓ ਅਤੇ 4 ਸੀਟੀਆਂ ਤੱਕ ਪ੍ਰੈਸ਼ਰ ਕੂੱਕਰ ਵਿਚ ਪਕਾਓ। ਢੱਕਣ ਖੋਲ੍ਹਣ ਤੋਂ ਪਹਿਲਾਂ ਭਾਫ਼ ਨੂੰ ਕੱਢ ਦਿਓ। ਫਿਰ ਤੋਂ ਇਨ੍ਹਾਂ ਨੂੰ ਛਾਣ ਲਓ ਅਤੇ ਵੱਖਰਾ ਰੱਖ ਦਿਓ। ਇਕ ਡੂੰਘੀ ਨਾਨ ਸਟਿੱਕ ਕੜਾਹੀ ਵਿਚ ਮੱਖਣ ਨਰਮ ਕਰੋ, ਉਸ ਵਿਚ ਹਰੀ ਮਿਰਚ ਦਾ ਪੇਸਟ ਅਤੇ ਪਿਆਜ਼ ਪਾਓ ਅਤੇ ਮੱਧਮ ਸੇਕ 'ਤੇ 2 ਤੋਂ 3 ਮਿੰਟ ਤੱਕ ਜਾਂ ਪਿਆਜ਼ ਦੇ ਪਾਰਦਰਸ਼ੀ ਹੋਣ ਤੱਕ ਭੁੰਨ ਲਓ। ਫਿਰ ਟਮਾਟਰ, ਮਿਰਚ ਪਾਊਡਰ, ਗਰਮ ਮਸਾਲਾ ਅਤੇ ਚਾਟ ਮਸਾਲਾ ਪਾਓ, ਚੰਗੀ ਤਰ੍ਹਾਂ ਨਾਲ ਮਿਲਾਓ ਅਤੇ ਮੱਧਮ ਸੇਕ 'ਤੇ 2 ਤੋਂ 3 ਮਿੰਟ ਤੱਕ ਪਕਾ ਲਓ। ਆਲੂ, ਛੋਲੇ, ਨਮਕ, ਕੱਚੇ ਅੰਬ, ਧਨੀਆ ਅਤੇ ਨਿੰਬੂ ਦਾ ਰਸ ਪਾ ਕੇ ਚੰਗੀ ਤਰ੍ਹਾਂ ਮਿਲਾਓ ਅਤੇ ਮੱਧਮ ਸੇਕ 'ਤੇ 2 ਤੋਂ 3 ਮਿੰਟ ਤੱਕ ਵਿਚਾਲੇ-ਵਿਚਾਲੇ ਹਿਲਾਉਂਦੇ ਹੋਏ ਪਕਾ ਲਓ। ਕਾਲੇ ਛੋਲੇ ਚਾਟ ਮਸਾਲੇ ਨੂੰ ਟਿਫਨ ਵਿਚ ਪੈਕ ਕਰਨ ਲਈ ਪਹਿਲਾਂ ਇਸ ਨੂੰ ਠੰਢਾ ਹੋਣ ਦਿਓ ਅਤੇ ਏਅਰ ਟਾਈਟ ਡੱਬੇ ਵਿਚ ਪੈਕ ਕਰ ਲਓ।



# ਦੁਨੀਆ ਭਰ 'ਚ ਰਿਲੀਜ਼ ਹੋਈ ਐਮੀ ਵਿਰਕ ਤੇ ਦੇਵ ਖਰੌੜ ਦੀ ਫ਼ਿਲਮ 'ਮੌੜ'

ਚੰਡੀਗੜ੍ਹ-ਪਾਲੀਵੁੱਡ ਨੂੰ ਪਿਆਰ ਕਰਨ ਵਾਲੇ ਦਰਸ਼ਕਾਂ ਵੱਲੋਂ




ਬੇਸਬਰੀ ਨਾਲ ਉਡੀਕੀ ਜਾ ਰਹੀ ਪੰਜਾਬੀ ਫ਼ਿਲਮ 'ਮੌੜ' 9 ਜੂਨ ਨੂੰ ਦੁਨੀਆ ਭਰ 'ਚ ਰਿਲੀਜ਼ ਹੋ ਗਈ ਹੈ। 'ਮੌੜ' ਫ਼ਿਲਮ 'ਚ ਐਮੀ ਵਿਰਕ ਤੇ ਦੇਵ ਖਰੌੜ ਮੁੱਖ ਭੂਮਿਕਾ ਨਿਭਾਅ ਰਹੇ ਹਨ। ਇਨ੍ਹਾਂ ਤੋਂ ਇਲਾਵਾ ਨਾਇਕਰਾ ਕੌਰ, ਕੁਲਜਿੰਦਰ ਸਿੱਧੂ, ਵਿਕਰਮਜੀਤ ਵਿਰਕ, ਅਮੀਕ ਵਿਰਕ, ਪਰਮਵੀਰ ਸਿੰਘ, ਜਰਨੈਲ ਸਿੰਘ, ਮਾਰਕ ਰੰਧਾਵਾ ਤੇ ਰਿਚਾ ਭੱਟ ਵੀ ਅਹਿਮ ਕਿਰਦਾਰਾਂ 'ਚ ਹਨ। ਫ਼ਿਲਮ ਦੇ ਟਰੇਲਰ ਤੇ ਗੀਤਾਂ ਨੂੰ ਦਰਸ਼ਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਸੀ। 'ਮੌੜ' ਫ਼ਿਲਮ ਦੀ ਕਹਾਣੀ ਦੀ ਗੱਲ ਕਰੀਏ ਤਾਂ ਇਹ ਜਿਉਣਾ ਮੌੜ ਦੀ ਜ਼ਿੰਦਗੀ 'ਤੇ ਆਧਾਰਿਤ ਹੈ। ਐਮੀ ਵਿਰਕ ਫ਼ਿਲਮ 'ਚ ਜਿਉਣਾ ਮੌੜ ਦਾ ਕਿਰਦਾਰ ਨਿਭਾਅ ਰਹੇ ਹਨ ਤੇ ਦੇਵ ਖਰੌੜ ਜਿਉਣਾ ਮੌੜ ਦੇ ਭਰਾ ਕਿਸ਼ਨੇ ਦੇ ਕਿਰਦਾਰ 'ਚ ਹਨ। ਫ਼ਿਲਮ ਦੇ ਹੁਣ ਤਕ ਦੋ ਗੀਤ 'ਫ਼ਰਾਰ' ਤੇ 'ਨਿਗਾਹ' ਰਿਲੀਜ਼ ਹੋਏ ਹਨ, ਜੋ ਫ਼ਿਲਮ ਪ੍ਰਤੀ ਲੋਕਾਂ ਦਾ ਉਤਸ਼ਾਹ ਵਧਾਉਣ ਦਾ ਕੰਮ ਕਰ ਰਹੇ ਹਨ। 'ਮੌੜ' ਫ਼ਿਲਮ 'ਚ ਐਮੀ ਵਿਰਕ ਤੇ ਦੇਵ ਖਰੌੜ ਮੁੱਖ ਭੂਮਿਕਾ ਨਿਭਾਅ ਰਹੇ ਹਨ। ਇਨ੍ਹਾਂ ਤੋਂ ਇਲਾਵਾ ਨਾਇਕਰਾ ਕੌਰ, ਕੁਲਜਿੰਦਰ ਸਿੱਧੂ, ਵਿਕਰਮਜੀਤ ਵਿਰਕ, ਅਮੀਕ ਵਿਰਕ, ਪਰਮਵੀਰ ਸਿੰਘ, ਜਰਨੈਲ ਸਿੰਘ, ਮਾਰਕ ਰੰਧਾਵਾ ਤੇ



ਰਿਚਾ ਭੱਟ ਵੀ ਅਹਿਮ ਕਿਰਦਾਰਾਂ 'ਚ ਹਨ।

## ਐਮੀ ਵਿਰਕ ਨੇ ਜਿਉਣਾ ਮੌੜ ਦੇ ਕਿਰਦਾਰ ਨੂੰ ਨਿਭਾਉਣ ਦਾ ਤਜਰਬਾ ਕੀਤਾ ਸਾਂਝਾ

ਫ਼ਿਲਮ 'ਚ ਐਮੀ ਵਿਰਕ ਜਿਉਣਾ ਮੌੜ ਦੀ ਭੂਮਿਕਾ ਨਿਭਾਅ ਰਹੇ ਹਨ। ਆਪਣੇ ਕਿਰਦਾਰ ਨੂੰ ਲੈ ਕੇ ਐਮੀ ਨੇ ਕੁਝ ਤਜਰਬੇ ਸਾਂਝੇ ਕੀਤੇ ਹਨ। ਐਮੀ ਵਿਰਕ ਨੇ ਦੱਸਿਆ ਕਿ ਉਨ੍ਹਾਂ ਨੇ ਲਗਭਗ 100 ਦਿਨ ਇਸ ਫ਼ਿਲਮ ਦੀ ਸ਼ੂਟਿੰਗ ਕੀਤੀ ਹੈ। ਐਮੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਰਿਧਮ ਬੁਆਏਜ਼, ਅੰਬਰਦੀਪ ਸਿੰਘ ਤੇ ਸਿਮਰਜੀਤ ਸਿੰਘ ਨਾਲ ਕੀਤੀ ਤੇ ਜਦੋਂ ਵੀ ਕੋਈ ਕਿਸੇ ਨਾਲ ਆਪਣੇ ਕੰਮ ਦੀ ਸ਼ੁਰੂਆਤ ਕਰਦਾ ਹੈ ਤਾਂ ਉਨ੍ਹਾਂ ਦਾ ਦੇਣ ਤੁਸੀਂ ਕਦੇ ਨਹੀਂ ਦੇ ਸਕਦੇ। ਹਮੇਸ਼ਾ ਤੁਹਾਡੇ ਮਨ ਅੰਦਰ ਸਤਿਕਾਰ ਰਹਿੰਦਾ ਹੈ। ਫ਼ਿਲਮ ਦੇ ਐਕਸ਼ਨ ਬਾਰੇ ਗੱਲਬਾਤ ਕਰਦਿਆਂ ਐਮੀ ਨੇ ਕਿਹਾ ਕਿ ਉਨ੍ਹਾਂ ਨੇ ਸਾਊਥ ਫ਼ਿਲਮਾਂ ਵਾਂਗ ਐਕਸ਼ਨ ਨਹੀਂ ਕੀਤਾ ਹੈ ਤੇ ਇਸ ਫ਼ਿਲਮ 'ਚ ਬਹੁਤ ਹੀ ਨੈਚੁਰਲ ਐਕਸ਼ਨ ਦੇਖਣ ਨੂੰ ਮਿਲੇਗਾ। ਦੱਸ ਦੇਈਏ ਕਿ ਫ਼ਿਲਮ ਨੂੰ ਜਤਿੰਦਰ ਮੌਹਰ ਨੇ ਲਿਖਿਆ ਤੇ ਡਾਇਰੈਕਟ ਕੀਤਾ ਹੈ। ਇਸ ਦੇ ਡਾਇਲਾਗਸ ਜਤਿੰਦਰ ਲਾਲ ਨੇ ਲਿਖੇ ਹਨ। ਇਸ ਫ਼ਿਲਮ ਨੂੰ ਜਤਿਨ ਸੇਠੀ ਤੇ ਕਾਰਜ ਗਿੱਲ ਵਲੋਂ ਪ੍ਰੋਡਿਊਸ ਕੀਤਾ ਗਿਆ ਹੈ।

TSM GALLERY

High quality artwork for your home or business, religious or public places.
We specialize in all kind of wallpaper installation.

Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca

Mehndi(henna), Jagua, Airbrush Body Art, Temporary Tattoo.
Learn in your spare time,
Earn extra income gain friends
Training available.





# ਮੈਂ ਜ਼ਿੰਦਗੀ ਨੂੰ ਦਿਲਚਸਪ ਬਣਾਉਣ ਲਈ ਅਦਾਕਾਰੀ ਚੁਣੀ-ਨਿਮਰਤ ਕੌਰ

ਨਵੀਂ ਦਿੱਲੀ-ਅਦਾਕਾਰਾ ਨਿਮਰਤ ਕੌਰ ਦਾ ਕਹਿਣਾ ਹੈ ਉਸ ਨੇ ਆਪਣੇ ਅੰਦਰਲੇ 'ਬੱਚੇ' ਦੇ ਸੰਪਰਕ ਵਿੱਚ ਰਹਿਣ ਅਤੇ ਜ਼ਿੰਦਗੀ ਨੂੰ ਦਿਲਚਸਪ ਬਣਾਉਣ ਲਈ ਅਦਾਕਾਰੀ ਨੂੰ ਪੇਸ਼ੇ ਵਜੋਂ ਚੁਣਿਆ ਹੈ। ਉਸ ਨੇ ਆਖਿਆ ਕਿ ਅਦਾਕਾਰਾ ਵਜੋਂ ਜ਼ਿੰਦਗੀ ਜਿਊਣਾ ਕਿਸੇ ਸੁਫਨੇ ਤੋਂ ਘੱਟ ਨਹੀਂ ਹੈ, ਕਿਉਂਕਿ ਇਹ ਰੋਜ਼ਾਨਾ ਅੱਗੇ ਵਧਦੀ ਹੈ। ਅਦਾਕਾਰਾ ਨਿਮਰਤ ਕੌਰ ਨੇ ਖ਼ਬਰ ਏਜੰਸੀ 'ਪੀਟੀਆਈ' ਨਾਲ ਗੱਲਬਾਤ ਕਰਦਿਆਂ ਆਖਿਆ,"ਇਹ ਕਿਸੇ ਸੁਫ਼ਨੇ ਤੋਂ ਘੱਟ ਨਹੀਂ ਸੀ। ਮੈਂ ਜ਼ਿੰਦਗੀ ਵਿੱਚ ਕਦੇ ਵੀ ਕਿਸੇ ਕੰਮ ਦੀ ਯੋਜਨਾ ਨਹੀਂ ਬਣਾਈ। ਮੈਂ ਆਪਣੀ ਜ਼ਿੰਦਗੀ ਨੂੰ ਦਿਲਚਸਪ ਬਣਾਉਣ ਲਈ ਰੋਜ਼ਾਨਾ ਕੁਝ ਨਾ ਕੁਝ ਨਵਾਂ ਕਰਨਾ ਚਾਹੁੰਦੀ ਹਾਂ। ਮੈਂ ਹੱਸਮੁਖ ਬੰਦਿਆਂ ਨਾਲ ਕੰਮ ਕਰਨਾ ਜਾਰੀ ਰੱਖਣਾ ਚਾਹੁੰਦੀ ਹਾਂ ਅਤੇ ਉਨ੍ਹਾਂ ਕੋਲੋਂ ਸਿੱਖਦੀ ਰਹਿਣਾ ਚਾਹੁੰਦੀ ਹਾਂ।" ਜਾਣਕਾਰੀ ਅਨੁਸਾਰ ਨਿਮਰਤ ਕੌਰ ਨੇ ਮਾਡਲ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ ਅਤੇ ਸਾਲ 2005 ਵਿੱਚ ਗਾਇਕ ਕੁਮਾਰ ਸਾਨੂੰ ਦੇ ਗੀਤ 'ਤੇਰਾ ਮੇਰਾ ਪਿਆਰ' ਵਿੱਚ ਅਦਾਕਾਰੀ ਕਰਨ ਤੋਂ ਲੈ ਕੇ ਹੁਣ ਤੱਕ ਉਹ ਆਪਣੇ ਚਾਹੁਣ ਵਾਲਿਆਂ ਦੇ ਚੇਤਿਆਂ ਵਿੱਚ ਇਕ ਜ਼ਿੰਦਾਦਿਲ ਕੁੜੀ ਵਜੋਂ ਵਸੀ ਹੋਈ ਹੈ। ਫ਼ਿਲਮ 'ਦਿ ਲੰਚਬੌਕਸ' ਵਿਚਲੇ ਕਿਰਦਾਰ ਦੀ ਮਕਬੂਲੀਅਤ ਮਗਰੋਂ ਅਦਾਕਾਰਾ ਦੇ ਕਰੀਅਰ ਵਿੱਚ ਨਵਾਂ ਮੋੜ ਆਇਆ। ਅਦਾਕਾਰਾ ਨੇ ਆਖਿਆ,"ਮੇਰੇ ਅੰਦਰਲੇ 'ਬੱਚੇ' ਨਾਲ ਜੁੜਿਆ ਰਹਿਣਾ ਮੈਨੂੰ ਤਰੋ-ਤਾਜ਼ਾ ਰੱਖਦਾ ਹੈ। ਮੈਂ ਹਮੇਸ਼ਾ ਇਹ ਯਕੀਨੀ ਬਣਾਉਂਦੀ ਹਾਂ ਕਿ ਜਿਹੜੇ ਅਜਿਹੇ ਲੋਕ ਹਨ, ਉਨ੍ਹਾਂ ਨਾਲ ਜੁੜੀ ਰਹਾਂ। ਮੈਂ ਬਹੁਤ ਜਗਿਆਸੂ ਹਾਂ। ਮੈਂ ਸਾਹਸੀ ਕੰਮ ਕਰਨਾ ਚਾਹੁੰਦੀ ਹਾਂ।"



# ਅਦਾਕਾਰਾ ਸੋਨਾਲੀ ਤੇ ਅਸ਼ੀਸ਼ ਵਿਆਹ ਦੇ ਬੰਧਨ ਵਿਚ ਬੱਝੇ

ਮੁੰਬਈ-ਫਿਲਮ 'ਪਿਆਰ ਕਾ ਪੰਚਨਾਮਾ' ਦੀ ਅਦਾਕਾਰਾ ਸੋਨਾਲੀ ਸਹਿਗਲ ਨੇ ਅੱਜ ਆਪਣੇ ਲੰਮੇ ਸਮੇਂ ਤੋਂ ਦੋਸਤ ਚਲੇ ਆ ਰਹੇ ਅਸ਼ੀਸ਼ ਐੱਲ. ਸਜਨੀ ਨਾਲ ਵਿਆਹ ਕਰਵਾ ਲਿਆ ਹੈ। ਉਨ੍ਹਾਂ ਅੱਜ ਮੁੰਬਈ ਸਥਿਤ ਇੱਕ ਗੁਰਦੁਆਰੇ ਵਿੱਚ ਲਾਵਾਂ ਲਈਆਂ। ਸੋਨਾਲੀ ਨੇ ਇੰਸਟਾਗ੍ਰਾਮ 'ਤੇ ਆਪਣੇ ਵਿਆਹ ਦੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਆਖਿਆ,"ਸਬਰ ਤੇ ਸ਼ੁਕਰ।" ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਇੱਕ ਤਸਵੀਰ ਵਿੱਚ ਨਵ-ਵਿਆਹਿਆ ਜੋੜਾ ਗੁਰੂਘਰ ਵਿੱਚ ਬੈਠਿਆ ਨਜ਼ਰ ਆ ਰਿਹਾ ਹੈ। ਅਦਾਕਾਰਾ ਗੁਲਾਬੀ ਰੰਗ ਦੀ ਸਾੜ੍ਹੀ ਵਿੱਚ ਬਹੁਤ ਫੱਬ ਰਹੀ ਹੈ। ਦੂਜੇ ਪਾਸੇ ਅਸ਼ੀਸ਼ ਨੇ ਹਲਕੇ ਕਰੀਮ ਰੰਗ ਦੀ ਸ਼ੇਰਵਾਨੀ ਪਾਈ ਹੋਈ ਹੈ। ਸੋਸ਼ਲ ਮੀਡੀਆ 'ਤੇ ਤਸਵੀਰਾਂ ਸਾਂਝੀਆਂ ਹੋਣ ਤੋਂ ਬਾਅਦ ਪ੍ਰਤੀਕਿਰਿਆਵਾਂ ਦਾ ਹੜ੍ਹ ਆ ਗਿਆ। ਅਦਾਕਾਰਾ ਦੇ ਚਾਹੁਣ ਵਾਲਿਆਂ ਨੇ ਉਨ੍ਹਾਂ ਨੂੰ ਵਿਆਹ ਦੀਆਂ ਵਧਾਈਆਂ ਦਿੱਤੀਆਂ। ਅਦਾਕਾਰਾ ਰਿਧਿਮਾ ਪੰਡਿਤ ਨੇ ਨਵ-ਵਿਆਹੇ ਜੋੜੇ ਨੂੰ ਵਿਆਹ ਦੀਆਂ ਵਧਾਈਆਂ ਦਿੰਦਿਆਂ ਗੁਲਾਬੀ ਰੰਗ ਦੇ ਦਿਲ ਵਾਲੇ ਇਮੋਜੀ ਸਾਂਝੇ ਕੀਤੇ।

## ਮਹਿੰਗਾਈ ਦੇ ਟੱਪੇ

ਗੈਸ ਪੰਪ ਵੀ ਡਰਾਉਂਦਾ ਏ
ਜਦੋਂ ਟੈਂਕੀ ਮੈ ਭਰਾਵਾਂ ਗੈਸ ਦੀ
ਮੇਰਾ ਦਿਲ ਭਰ ਆਉਂਦਾ ਏ

ਕਿਵੇਂ ਲੈ ਕੇ ਦੇਵਾਂ ਲਹਿੰਗਾ ਸੋਹਣੀਏ
ਇੱਕ ਤੇਰੇ ਸ਼ੌਕ ਮਹਿੰਗੇ ਆ
ਦੂਜਾ ਗੈਸ ਹੋਇਆ ਮਹਿੰਗਾ ਸੋਹਣੀਏ

ਨੱਥ ਪੈ ਗੀ ਆ ਕਰੋਨੇ ਨੂੰ
ਸਰੀ ਘਰ ਮਹਿੰਗੇ ਹੋ ਗਏ
ਚੱਲ ਚੱਲੀਏ ਕਲੋਨੇ ਨੂੰ

ਸਰੀ ਆਉਣਾ ਨਹੀਓਂ ਸੂਤ ਸੋਹਣੀਏ
ਹੁਣ ਅਸੀਂ ਕੈਲਗਰੀ ਨੂੰ
ਛੇਤੀ ਕਰ ਜਾਣਾ ਕੂਚ ਸੋਹਣੀਏ

ਮੇਰੇ ਬੈਠਣਾ ਨੀ ਫਿੱਟ ਸੋਹਣਿਆ
ਸਰੀ ਜਿਹਾ ਸ਼ਹਿਰ ਛੱਡ ਕੇ
ਮੇਰਾ ਲੱਗਣਾ ਨੀ ਚਿੱਤ ਸੋਹਣਿਆ

ਫਾਹਾ ਆਖਰਾਂ ਨੂੰ ਲੈਣਾ ਪੈ ਗਿਆ
ਛੱਡ ਕੇ ਹਵੇਲੀਆਂ ਨੂੰ
ਹੁਣ ਕੋਂਡੋ ਵਿਚ ਰਹਿਣਾ ਪੈ ਗਿਆ

ਡੰਗ ਔਖੀ ਸੌਖੀ ਸਾਰ ਬੱਲੀਏ
ਰਹਿ ਲੈ ਵਿਚ ਟਾਊਨ ਹਾਊਸ ਦੇ
ਘਰ ਹੋਗੇ ਹੱਥੋਂ ਬਾਹਰ ਬੱਲੀਏ

ਸੱਚੀਂ ਪਈ ਅਲਸੇਟ ਬੜੀ ਆ
ਗੈਸ ਵਾਲੀ ਕਾਰ ਨਾ ਮਿਲੇ
ਉੱਤੋਂ ਟੈਸਲਾ ਦੀ ਵੇਟ ਬੜੀ ਆ

ਜਾਨ ਮੁੱਕਣੇ ਤੇ ਆਈ ਸੋਹਣਿਆ
ਪੇਅ ਸਾਡੀ ਵਧਦੀ ਨਹੀਂ
ਵਧੀ ਜਾਵੇ ਮਹਿੰਗਾਈ ਸੋਹਣਿਆ

ਬੰਗ ਟੁੱਟਗੀ ਕਲਾਈ ਦੀ
ਰੋਜ ਭਾਵੇਂ ਪੈਣ ਬਾਰਸ਼ਾਂ
ਅੱਗ ਬੁਝੇ ਨ ਮਹਿੰਗਾਈ ਦੀ

ਡੇਰਾ ਹੋਰ ਕਿੱਥੇ ਲਾਵਾਂਗੇ
ਸਾਹੋਤੇਆ ਕਨੇਡਾ ਛੱਡ ਕੇ
ਦੱਸ ਹੁਣ ਕਿੱਥੇ ਜਾਵਾਂਗੇ

ਕੁਲਵੀਰ ਸਿੰਘ ਡਾਨਸੀਵਾਲ
778 863 2472

ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Bank Turndown?
Could be just
what you need!

# Quick Private Funds



- $10,000 to $1 Million in just 24 Hours
- Up to $5 Million Available

invis
Canada's Mortgage Experts™

Call today to get started

**SANJEEV KATYAL**
**604.767.5194**

Info@katyalmortgage.ca

WWW.KATYALMORTGAGE.CA


Rajan MANGOES
NOW AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
EXTRA EXTRA SUPER SPECIAL
Available Only at Fruiticana
Rajan Haden or Ataulfo Mangoes 4 kg
ਰਾਜਨ ਅੰਬ ਹੈਡਨ ਅਤੇ ਅਟੈਲਫੋ
$15.99 box
EXTRA SUPER SUPER SPECIAL
Okra
ਭਿੰਡੀ
$2.98 lb
Fresh Tinda
ਤਾਜੇ ਟੀਂਡੇ
$2.98 lb
SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.98 ea.
SUPER SUPER SPECIAL
Roma & Regular Round Tomatoes
ਰੋਮਾ ਜਾਂ ਗੋਲ ਟਮਾਟਰ
98¢ lb
Almonds #1
ਬਦਾਮ
$3.98 lb
Maggi Masala Noodles 70 g
ਮੈਗੀ ਮਸਾਲਾ ਨੂਡਲਜ਼
3 for 99¢
SUPER SPECIAL
Desi Karela
ਦੇਸੀ ਕਰੇਲਾ
$1.79 lb
SUPER SPECIAL
Cherries
ਚੈਰੀਆਂ
$4.98 lb
SUPER SPECIAL
Seedless Watermelons
ਬਿਨਾਂ ਬੀਜ ਹਦਵਾਣਾ
79¢ lb
Green Cardamom (Elaichi) FG
ਹਰੀ ਇਲਾਇਚੀ ਐੱਫ ਜੀ
$13.99 lb
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
SUPER SPECIAL
Red Lentil Whole
ਮਸਰਾ ਦੀ ਸਾਬਤ ਦਾਲ
78¢ lb
Russet Potatoes Snoboy 10 lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$5.98 bag
Spinach
ਪਾਲਕ
$1.29 bunch
Rooh Afza Indian 750 ml
ਰੂਹ ਅਫਜ਼ਾ
$3.99 bottle
Fresh Garlic
ਤਾਜਾ ਲਸਣ
$1.49 lb
Fresh Ginger
ਤਾਜ਼ਾ ਅਦਰਕ
$2.89 lb
English Cucumbers
ਇੰਗਲਿਸ਼ ਖੀਰੇ
2 for $1.50
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
99¢ lb
Black Chana, Chana Dal & Red Lentil Whole Red Lentil Split 4 lbs (Indican)
ਕਾਲੇ ਛੋਲੇ, ਚਣੇ ਦੀ ਦਾਲ, ਮਸਰਾਂ ਦੀ ਸਾਬਤ ਦਾਲ, ਧੋਤੀ ਮਸਰਾਂ ਦੀ ਦਾਲ (ਇੰਡੀਕੈਨ)
$3.98 bag
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Pink Lady Apples
ਪੀਂਕ ਲੇਡੀ ਐਪਲ
99¢ lb
Rapini (Sarson da Saag)
ਸਰਸੋਂ ਦਾ ਸਾਗ
$2.49 bunch
Summer Squash
ਕੱਦੂ
$1.49 lb
Chickpeas
ਚਿੱਟੇ ਛੋਲੇ
99¢ lb
Fri June 09, 2023 - Wed June 14, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana
SINCE 1994
BUSINESS HOURS
9 AM - 9 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520